


PUNJABSTAR.COM

# ਪੰਜਾਬ ਸਟਾਰ





Phone: 905-673-7666 , Fax: 1-289-206-8611 | 07 ਅਗਸਤ ਤੋਂ 13 ਅਗਸਤ, 2025 | Email :- editor@punjabstar.com, Vo. 20. Issue:1197


## ਅਫ਼ਰੀਕੀ ਦੇਸ਼ ਘਾਨਾ 'ਚ ਫ਼ੌਜੀ ਹੈਲੀਕਾਪਟਰ ਕ੍ਰੈਸ਼

### ਰੱਖਿਆ ਅਤੇ ਵਾਤਾਵਰਨ ਮੰਤਰੀ ਸਮੇਤ 8 ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਊਰੋ)
ਅਫ਼ਰੀਕੀ ਦੇਸ਼ ਘਾਨਾ ਵਿੱਚ ਬੁੱਧਵਾਰ ਨੂੰ ਇੱਕ ਹੈਲੀਕਾਪਟਰ ਹਾਦਸੇ ਵਿੱਚ ਰੱਖਿਆ ਮੰਤਰੀ ਐਡਵਰਡ ਓਮਾਨ ਬੋਮਾਹ ਅਤੇ ਵਾਤਾਵਰਣ ਮੰਤਰੀ ਇਬਰਾਹਿਮ ਮੁਰਤਲਾ ਮੁਹੰਮਦ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ। ਘਾਨਾ ਸਰਕਾਰ ਨੇ ਇਸ ਹਾਦਸੇ ਨੂੰ "ਰਾਸ਼ਟਰੀ ਦੁਖਾਂਤ" ਦੱਸਿਆ ਹੈ।

ਇਸ ਹਾਦਸੇ ਵਿੱਚ ਘਾਨਾ ਦੇ ਕਾਰਜਕਾਰੀ ਡਿਪਟੀ ਰਾਸ਼ਟਰੀ ਸੁਰੱਖਿਆ ਕੋਆਰਡੀਨੇਟਰ ਅਲਹਾਜੀ ਮੁਹੰਮਦ ਮੁਨੀਰੂ ਲਿਮੂਨਾ, ਨੈਸ਼ਨਲ ਡੈਮੋਕ੍ਰੇਟਿਕ ਕਾਂਗਰਸ ਦੇ ਉਪ-ਪ੍ਰਧਾਨ ਸੈਮੂਅਲ ਸਰਪੋਂਗ ਅਤੇ ਸਾਬਕਾ ਸੰਸਦੀ ਉਮੀਦਵਾਰ ਸੈਮੂਅਲ ਅਬੋਆਗਯੇ ਦੀ ਵੀ ਮੌਤ ਹੋ ਗਈ। ਹੈਲੀਕਾਪਟਰ ਵਿੱਚ ਕੁੱਲ ਪੰਜ ਯਾਤਰੀ ਅਤੇ ਤਿੰਨ ਚਾਲਕ ਦਲ ਦੇ ਮੈਂਬਰ ਸਨ। ਬਾਕੀ ਸਫਾ 2 'ਤੇ

## ਪੱਛਮੀ ਯੂਗਾਂਡਾ 'ਚ ਯਾਤਰੀਆਂ ਨਾਲ ਭਰੀ ਲਾਰੀ ਪਲਟੀ, 19 ਲੋਕਾਂ ਦੀ ਮੌਤ




ਕੰਪਾਲਾ (ਪੰਜਾਬ ਸਟਾਰ ਬਿਊਰੋ)- ਪੱਛਮੀ ਯੂਗਾਂਡਾ ਵਿਚ ਇਕ ਵੱਡਾ ਹਾਦਸਾ ਵਾਪਰਨ ਦੀ ਘਟਨਾ ਸਾਹਮਣੇ ਆਈ ਹੈ। ਪੱਛਮੀ ਯੂਗਾਂਡਾ ਦੇ ਜ਼ਿਲ੍ਹੇ ਹੋਇਮਾ ਵਿੱਚ ਇੱਕ ਲਾਰੀ ਪਲਟਣ ਕਾਰਨ 19 ਲੋਕਾਂ ਦੀ ਮੌਤ ਹੋ ਗਈ ਅਤੇ 13 ਹੋਰ ਜ਼ਖਮੀ ਹੋ ਗਏ। ਪੁਲਿਸ ਨੇ ਬੁੱਧਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ। ਅਲਬਰਟਾਈਨ ਖੇਤਰ ਦੇ ਪੁਲਿਸ ਬੁਲਾਰੇ ਜੂਲੀਅਸ ਹਕੀਜ਼ਾ ਨੇ ਸਿਨਹੂਆ ਨੂੰ ਫ਼ੋਨ 'ਤੇ ਦੱਸਿਆ ਕਿ ਇਹ ਹਾਦਸਾ ਮੰਗਲਵਾਰ ਰਾਤ ਉਸ ਸਮੇਂ ਵਾਪਰਿਆ ਜਦੋਂ ਬਾਲਣ ਵਾਲਾ ਟਰੱਕ ਗੁਆਂਢੀ ਬੁਲੀਆਸਾ ਜ਼ਿਲ੍ਹੇ ਦੇ ਇੱਕ ਬਾਜ਼ਾਰ ਤੋਂ ਵਪਾਰੀਆਂ ਨੂੰ ਲੈ ਕੇ ਜਾ ਰਿਹਾ ਸੀ। ਹਕੀਜ਼ਾ ਨੇ ਦੱਸਿਆ,"ਲਾਰੀ ਬ੍ਰੇਕ ਲਗਾਉਣ ਵਿੱਚ ਅਸਫਲ ਰਹੀ, ਕੰਟਰੋਲ ਗੁਆ ਬੈਠੀ, ਡਿੱਗ ਪਈ ਅਤੇ ਪਲਟ ਗਈ, ਜਿਸ ਨਾਲ ਮੌਕੇ 'ਤੇ ਹੀ 19 ਲੋਕਾਂ ਦੀ ਮੌਤ ਹੋ ਗਈ।" ਜ਼ਖਮੀਆਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ।

ਹਕੀਜ਼ਾ ਨੇ ਦੱਸਿਆ ਕਿ ਹਾਦਸੇ ਦਾ ਕਾਰਨ ਓਵਰਲੋਡਿੰਗ ਹੋ ਸਕਦੀ ਹੈ ਕਿਉਂਕਿ ਲਾਰੀ ਯਾਤਰੀਆਂ ਅਤੇ ਵਪਾਰਕ ਸਮਾਨ ਦੋਵਾਂ ਨੂੰ ਲੈ ਕੇ ਜਾ ਰਹੀ ਸੀ। ਫਰਵਰੀ ਵਿੱਚ ਜਾਰੀ ਕੀਤੀ ਗਈ ਯੂਗਾਂਡਾ ਪੁਲਿਸ ਦੀ ਇੱਕ ਰਿਪੋਰਟ ਵਿੱਚ ਸੰਕੇਤ ਦਿੱਤਾ ਗਿਆ ਹੈ ਕਿ 2024 ਵਿੱਚ ਸੜਕ ਹਾਦਸਿਆਂ ਵਿੱਚ 5,144 ਲੋਕ ਮਾਰੇ ਗਏ ਸਨ, ਜੋ ਕਿ 2023 ਵਿੱਚ 4,806 ਅਤੇ 2022 ਵਿੱਚ 4,534 ਤੋਂ ਵੱਧ ਸਨ।

### ਟਰੰਪ ਨੇ ਭਾਰਤ ਨੂੰ ਦਿੱਤਾ ਵੱਡਾ ਝਟਕਾ

## ਅਮਰੀਕਾ ਨੇ ਵਧਾਇਆ 25 ਫ਼ੀਸਦੀ ਹੋਰ ਟੈਰਿਫ



(ਪੰਜਾਬ ਸਟਾਰ ਬਿਊਰੋ)
ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਭਾਰਤ 'ਤੇ 25 ਫੀਸਦੀ ਵਾਧੂ ਟੈਰਿਫ ਲਾਇਆ। ਟਰੰਪ ਨੇ ਇਹ ਫੈਸਲਾ ਇਸ ਲਈ ਲਿਆ ਕਿਉਂਕਿ ਉਹ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦਣ ਤੋਂ ਨਾਰਾਜ਼ ਸਨ। ਇਸ ਤੋਂ ਪਹਿਲਾਂ ਟਰੰਪ ਨੇ ਮੰਗਲਵਾਰ ਨੂੰ ਧਮਕੀ ਦਿੱਤੀ ਸੀ ਕਿ ਉਹ ਅਗਲੇ 24 ਘੰਟਿਆਂ ਵਿੱਚ ਭਾਰਤ 'ਤੇ ਟੈਰਿਫ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਕਰਨਗੇ। ਇਸ ਵਾਧੂ ਟੈਰਿਫ ਨੂੰ ਲਾਗੂ ਕਰਨ ਦੇ ਨਾਲ ਅਮਰੀਕਾ ਵੱਲੋਂ ਭਾਰਤ 'ਤੇ ਲਗਾਇਆ ਗਿਆ ਟੈਰਿਫ ਹੁਣ 50 ਫੀਸਦੀ ਤੱਕ ਪਹੁੰਚ ਗਿਆ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ ਵਿੱਚ ਕਿਹਾ ਕਿ "ਮੈਨੂੰ ਲੱਗਦਾ ਹੈ ਕਿ ਭਾਰਤ ਸਰਕਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਰੂਸੀ ਤੇਲ ਆਯਾਤ ਕਰ ਰਹੀ ਹੈ।" ਹੁਕਮ ਵਿੱਚ ਅੱਗੇ ਕਿਹਾ ਗਿਆ ਹੈ ਕਿ "ਇਸ ਦੇ ਮੱਦੇਨਜ਼ਰ ਅਤੇ ਸੰਬੰਧਿਤ ਕਾਨੂੰਨਾਂ ਦੇ ਮੁਤਾਬਕ ਭਾਰਤ ਤੋਂ ਅਮਰੀਕਾ ਵਿੱਚ ਦਰਾਮਦ ਕੀਤੇ ਜਾਣ ਵਾਲੇ ਸਮਾਨ 'ਤੇ 25 ਫੀਸਦੀ ਦੀ ਵਾਧੂ ਡਿਊਟੀ ਲਗਾਈ ਜਾਵੇਗੀ। ਟਰੰਪ ਨੇ ਪਿਛਲੇ ਹਫ਼ਤੇ ਇਹ ਵੀ ਸੰਕੇਤ ਦਿੱਤਾ ਸੀ ਕਿ ਭਾਰਤ ਨੂੰ 25 ਫੀਸਦੀ ਟੈਰਿਫ ਦੇ ਨਾਲ 'ਜੁਰਮਾਨਾ' ਵੀ ਦੇਣਾ ਪਵੇਗਾ, ਜੋ ਰੂਸ ਤੋਂ ਫੌਜੀ ਉਪਕਰਣਾਂ ਅਤੇ ਊਰਜਾ ਦੀ ਖਰੀਦ ਲਈ ਲਗਾਇਆ ਜਾਵੇਗਾ। ਹਾਲਾਂਕਿ ਉਸ ਬਾਕੀ ਸਫਾ 2 'ਤੇ

## ਕੈਨੇਡਾ 'ਚ ਦਾਖਲ ਹੁੰਦੇ 44 ਗੈਰਕਾਨੂੰਨੀ ਪ੍ਰਵਾਸੀ ਕਾਬੂ

### ਆਰ.ਸੀ.ਐਮ.ਪੀ. ਨੇ 3 ਮਨੁੱਖੀ ਤਸਕਰ ਵੀ ਕਾਬੂ ਕੀਤੇ




ਮੌਂਟਰੀਅਲ, (ਪੰਜਾਬ ਸਟਾਰ ਬਿਊਰੋ) : ਟਰੱਕ ਵਿਚ ਲੁਕ ਕੇ ਕੈਨੇਡਾ ਦਾਖਲ ਹੋ ਰਹੇ 40 ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੂੰ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਕਾਬੂ ਕਰਦਿਆਂ ਤਿੰਨ ਮਨੁੱਖੀ ਤਸਕਰਾਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਆਰ.ਸੀ.ਐਮ.ਪੀ. ਅਤੇ ਕਿਊਬੈਕ ਪ੍ਰੋਵਿਨਸ਼ੀਅਲ ਪੁਲਿਸ ਵੱਲੋਂ ਸਟੈਨਸਟੈਡ ਕਸਬੇ ਨੇੜੇ ਇਕ ਟਰੱਕ ਨੂੰ ਰੋਕਿਆ ਗਿਆ ਜਿਸ ਵਿਚ ਦਰਜਨਾਂ ਲੋਕ ਤੁੰਨੇ ਹੋਏ ਸਨ। ਅਮਰੀਕਾ ਤੋਂ ਆ ਰਹੇ ਪ੍ਰਵਾਸੀਆਂ ਵਿਚ ਇਕ ਗਰਭਵਤੀ ਔਰਤ ਅਤੇ ਚਾਰ ਸਾਲ ਦਾ ਛੋਟਾ ਬੱਚਾ ਵੀ ਸ਼ਾਮਲ ਸੀ ਜਿਨ੍ਹਾਂ ਵਾਸਤੇ ਚੁਫੇਰਿਉਂ ਬੰਦ ਟਰੱਕ ਅੰਦਰ ਸਾਹ ਲੈਣਾ ਵੀ ਔਖਾ ਹੋ ਰਿਹਾ ਸੀ।

ਸੀ.ਬੀ.ਐਸ.ਏ. ਨੇ ਕਿਹਾ ਕਿ ਜ਼ਿਆਦਾਤਰ ਵਿਦੇਸ਼ੀ ਨਾਗਰਿਕਾਂ ਨੂੰ ਰਫਿਊਜੀ ਪ੍ਰੋਸੈਸਿੰਗ ਸੈਂਟਰ ਵਿਚ ਭੇਜ ਦਿਤਾ ਗਿਆ ਹੈ ਜਿਥੇ ਇਨ੍ਹਾਂ ਦੀ ਇੰਮੀਗ੍ਰੇਸ਼ਨ ਪੜਤਾਲ ਕੀਤੀ ਜਾਵੇਗੀ। ਬਾਰਡਰ ਏਜੰਸੀ ਵੱਲੋਂ ਪ੍ਰਾਈਵੇਸੀ ਕਾਰਨਾਂ ਦਾ ਹਵਾਲਾ ਦਿੰਦਿਆਂ ਬਾਕੀ ਰਹਿੰਦੇ ਪ੍ਰਵਾਸੀਆਂ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਬਾਕੀ ਸਫਾ 2 'ਤੇ

## ਵੈਨਕੂਵਰ ਏਅਰਪੋਰਟ ਤੇ 29 ਕਿਲੋ ਨਸ਼ੀਲੇ ਪਦਾਰਥ ਨਾਲ ਚੀਨੀ ਮੂਲ ਦਾ ਵਿਅਕਤੀ ਗ੍ਰਿਫ਼ਤਾਰ



ਵੈਨਕੂਵਰ (ਪੰਜਾਬ ਸਟਾਰ ਬਿਊਰੋ): ਕੈਨੇਡਾ ਬਾਰਡਰ ਏਜੰਸੀ ਵੱਲੋਂ ਅੱਜ ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਤੇ ਨਸ਼ਾ ਤਸਕਰੀ ਦੀ ਇੱਕ ਕੋਸ਼ਿਸ਼ ਨੂੰ ਨਾਕਾਮ ਕਰ ਦੇਣ ਦੀ ਸੂਚਨਾ ਮਿਲੀ ਹੈ। ਪ੍ਰਾਪਤ ਵੇਰਵੇ ਮੁਤਾਬਕ ਕੈਨੇਡਾ ਬਾਰਡਰ ਏਜੰਸੀ ਦੇ ਅਧਿਕਾਰੀਆਂ ਵੱਲੋਂ ਇੱਕ ਸ਼ੱਕੀ ਵਿਅਕਤੀ ਦੇ ਸਮਾਨ ਦੀ ਜਾਂਚ ਕੀਤੀ ਗਈ ਤਾਂ ਉਸ ਵੱਲੋਂ ਤੋਹਫਿਆਂ ਦੇ ਰੂਪ ਵਿੱਚ ਪੈਕ ਕੀਤੇ ਪੈਕਟਾਂ ਨੂੰ ਖੋਲਿਆ ਗਿਆ ਤਾਂ ਉਸ ਵਿੱਚੋਂ ਮੈਥਐਫਏਟਾਮੀਨ ਨਾਂ ਦਾ ਇੱਕ ਨਸ਼ੀਲਾ ਪਦਾਰਥ ਨਿਕਲਿਆ। ਜਿਸ ਨੂੰ ਦੋ ਸੂਟਕੇਸਾਂ ਦੇ ਵਿੱਚ ਲੁਕਾ ਕੇ ਹਾਂਗਕਾਂਗ ਭੇਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਅਧਿਕਾਰੀਆਂ ਵੱਲੋਂ ਇਸ ਸੰਬੰਧ ਵਿੱਚ 25 ਸਾਲਾਂ ਚੀਨੀ ਮੂਲ ਦੇ ਇੱਕ ਨਾਗਰਿਕ ਸੀਯੂ ਡੇਗ ਨੂੰ ਗ੍ਰਿਫਤਾਰ ਕਰਕੇ ਰਿਚਮੰਡ ਪ੍ਰੋਵੀਨਸ਼ੀਅਲ ਕੋਰਟ ਚ ਪੇਸ਼ ਕੀਤਾ ਗਿਆ ਹੈ ਅਤੇ ਉਸ ਦੀ ਅਗਲੀ ਪੇਸ਼ੀ 6 ਅਗਸਤ ਨੂੰ ਨਿਰਧਾਰਿਤ ਕੀਤੀ ਗਈ ਹੈ।

## ਕੈਨੇਡਾ ਵੱਲੋਂ ਠੱਗ ਭਾਰਤੀਆਂ ਵਿਰੁੱਧ ਵੱਡੀ ਕਾਰਵਾਈ

### ਪੀ.ਆਰ. ਅਰਜ਼ੀਆਂ ਧੜਾ-ਧੜ ਕੀਤੀਆਂ ਰੱਦ



ਟੋਰਾਂਟੋ (ਸੇਖਾ): ਕੈਨੇਡਾ ਦੀ ਪੀ.ਆਰ. ਲਈ ਠੱਗੀ-ਠੋਰੀ ਦਾ ਰਾਹ ਅਖਤਿਆਰ ਕਰਨ ਵਾਲੇ ਭਾਰਤੀਆਂ ਨੂੰ ਮੂੰਹ ਦੀ ਖਾਣੀ ਪੈ ਰਹੀ ਹੈ ਅਤੇ ਇੰਮੀਗ੍ਰੇਸ਼ਨ ਵਿਭਾਗ ਨੇ ਧੜਾ-ਧੜ ਅਰਜ਼ੀਆਂ ਰੱਦ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਜੀ ਹਾਂ, ਐਕਸਪ੍ਰੈਸ ਐਂਟਰੀ ਅਧੀਨ ਪਰਮਾਨੈਂਟ ਰੈਜ਼ੀਡੈਂਸੀ ਦੇ ਸੱਦੇ ਵਾਸਤੇ ਉਚੇ ਸੀ.ਆਰ.ਐਸ. ਸਕੋਰ ਦੀ ਜ਼ਰੂਰਤ ਪੈਂਦੀ ਹੈ ਅਤੇ ਛੜਾ ਹੋਣ ਦੀ ਸੂਰਤ ਵਿੱਚ ਸਕੋਰ ਮਜ਼ਬੂਤ ਹੋ ਜਾਂਦਾ ਹੈ ਜਿਸ ਮੱਦੇਨਜ਼ਰ ਵੱਡੀ ਗਿਣਤੀ ਵਿਚ ਬਿਨੈਕਾਰਾਂ ਨੇ ਵਿਆਹੇ ਹੋਣ ਦੇ ਬਾਵਜੂਦ ਅਰਜ਼ੀਆਂ ਵਿਚ ਲਿਖ ਦਿਤਾ ਕਿ ਉਨ੍ਹਾਂ ਦਾ ਜੀਵਨ ਸਾਥੀ ਕੈਨੇਡਾ ਪ੍ਰਵਾਸ ਨਹੀਂ ਕਰ ਰਿਹਾ। ਦੂਜੇ ਪਾਸੇ ਜ਼ਿਆਦਾਤਰ ਬਿਨੈਕਾਰਾਂ ਦੇ ਪਤੀ ਜਾਂ ਪਤਨੀਆਂ ਪਹਿਲਾਂ ਹੀ ਸਟੱਡੀ ਵੀਜ਼ਾ ਜਾਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਮੌਜੂਦ ਹਨ ਅਤੇ ਇੰਮੀਗ੍ਰੇਸ਼ਨ ਵਾਲਿਆਂ ਨੂੰ ਇਸ ਦੀ ਭਿਣਕ ਲੱਗ ਗਈ। 'ਦਾ ਟਾਈਮਜ਼ ਆਫ਼ ਇੰਡੀਆ' ਦੀ ਰਿਪੋਰਟ ਮੁਤਾਬਕ ਇੰਮੀਗ੍ਰੇਸ਼ਨ ਸਲਾਹਕਾਰ ਕੁਬੇਰ ਕਮਲ ਨੇ ਦੱਸਿਆ ਕਿ ਐਕਸਪ੍ਰੈਸ ਐਂਟਰੀ ਅਧੀਨ ਅਰਜ਼ੀ ਦਾਖਲ ਕਰਨ ਵੇਲੇ ਇਕਹਿਰਾ ਬਿਨੈਕਾਰ ਹੋਣ ਦੀ ਸੂਰਤ ਵਿਚ 40 ਵਾਧੂ ਅੰਕ ਮਿਲ ਸਕਦੇ ਹਨ ਕਿਉਂਕਿ ਜੀਵਨ ਸਾਥੀ ਨਾਲ ਸਬੰਧਤ ਅਸਰਾਂ ਨੂੰ ਇਕ ਪਾਸੇ ਰੱਖ ਦਿਤਾ ਜਾਂਦਾ ਹੈ।

ਜੀਵਨ ਸਾਥੀ ਦੀ ਵਿਦਿਅਕ ਯੋਗਤਾ ਜਾਂ ਭਾਸ਼ਾਈ ਮੁਹਾਰਤ ਕਮਜ਼ੋਰ ਹੋਣ ਦੀ ਸੂਰਤ ਵਿਚ ਕੋਈ ਬਾਕੀ ਸਫਾ 2 'ਤੇ

## ਕੈਨੇਡਾ : ਸੈਂਕੜੇ ਪੰਜਾਬੀਆਂ ਨੂੰ ਡਿਪੋਰਟ ਕਰਨ ਦੇ ਹੁਕਮ




ਬਰੈਂਪਟਨ (ਬਲਜਿੰਦਰ ਸੇਖਾ): ਕੈਨੇਡਾ ਵਿਚ ਸੈਂਕੜੇ ਪੰਜਾਬੀ ਨੌਜਵਾਨਾਂ ਦੇ ਡਿਪੋਰਟੇਸ਼ਨ ਆਰਡਰ ਜਾਰੀ ਹੋਣ ਦੀਆਂ ਕਨਸੋਆਂ ਦਰਮਿਆਨ ਇਨ੍ਹਾਂ ਦੀ ਪਛਾਣ ਵੀ ਸਾਹਮਣੇ ਆਉਣੀ ਲੱਗੀ ਹੈ ਅਤੇ 25 ਸਾਲ ਦੇ ਅਕਾਸ਼ਦੀਪ ਸਿੰਘ ਸਣੇ ਇਹ ਸਾਰੇ ਬਾਰਡਰ ਸਰਵਿਸਿਜ਼ ਵਾਲਿਆਂ ਤੋਂ ਲੁਕਦੇ ਫਿਰ ਰਹੇ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਮਕਾਨ ਮਾਲਕ ਦੇ ਹਜ਼ਾਰਾਂ ਡਾਲਰ ਦੱਬ ਕੇ ਫਰਾਰ ਹੋਏ 6 ਪੰਜਾਬੀ ਮੁੰਡੇ-ਕੁੜੀਆਂ ਵਿਚੋਂ ਆਕਾਸ਼ਦੀਪ ਸਿੰਘ ਇਕ ਹੈ ਅਤੇ ਉਸ ਦੀ ਤਸਵੀਰ ਸਣੇ ਬਾਕੀ ਸਫਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਕੈਮਬ੍ਰਿਜ ਪੰਜਾਬੀ ਖੇਡ ਮੇਲਾ ਜੀਟੀਏ ਤੋਂ ਬਾਹਰ ਇੱਕ ਵੱਡੇ ਸਲਾਨਾ ਖੇਡ ਮੇਲੇ ਵਜੋਂ ਸਥਾਪਤ ਹੋਇਆ

ਸਟਾਰ ਨਿਊਜ਼:-ਸ੍ਰੀ ਗੁਰੂ ਸਿੰਘ ਸਭਾ ਕੈਮਬ੍ਰਿਜ ਗੁਰਦੁਆਰਾ ਸਾਹਿਬ ਵਲੋਂ ਕੈਂਮਬ੍ਰਿਜ ਦੇ ਸਹਿਯੋਗ ਨਾਲ 02 ਅਤੇ 03 ਅਗਸਤ ਦਿਨ ਸ਼ਨਿੱਚਰਵਾਰ ਤੇ ਐਤਵਾਰ ਨੂੰ ਰਿਵਰਸਾਈਡ ਸੌਕਰ ਫੀਲਡਜ਼, 49 ਕਿੰਗ ਸਟ੍ਰੀਟ, ਕੈਮਬ੍ਰਿਜ ਵਿਖੇ ਕਰਵਾਇਆ 15ਵਾਂ ਖੇਡ ਮੇਲਾ ਅਮਿੱਟ ਛਾਪ ਛੱਡ ਗਿਆ, ਬੜੀ ਵੱਡੀ ਗਿਣਤੀ ਵਿੱਚ ਕੈਮਬ੍ਰਿਜ ਅਤੇ ਇਸ ਦੇ ਨਾਲ ਲਗਦੇ ਸ਼ਹਿਰਾਂ ਅਤੇ ਹੋਰ ਆਲੇ ਦੁਆਲੇ ਦੇ ਸ਼ਹਿਰਾਂ ਤੋਂ ਦਰਸ਼ਕ ਇਸ ਮੇਲੇ ਦਾ ਅਨੰਦ ਮਾਨਣ ਲਈ ਪਹੁੰਚੇ। ਮੇਲੇ ਵਿੱਚ ਇਕੱਠ ਨੂੰ ਦੇਖਕੇ ਪੰਜਾਬ ਦੇ ਕਿਸੇ ਪਿੰਡ ਦੇ ਮੇਲੇ ਦਾ ਭੁਲੇਖਾ ਪੈ ਰਿਹਾ ਸੀ। ਇਸ 15ਵੇਂ ਪੰਜਾਬੀ ਖੇਡ ਮੇਲੇ ਵਿੱਚ ਸੌਕਰ ਦੇ ਮੁਕਾਬਲੇ ਹੋਏ, ਵਾਲੀਬਾਲ ਦੇ ਮੁਕਾਬਲੇ ਹੋਏ, ਅੰਡਰ 10 ਤੋਂ ਅੰਡਰ 18 ਦੇ ਲੜਕੇ ਅਤੇ ਲੜਕੀਆਂ ਦੀਆਂ ਦੌੜਾਂ ਕਰਵਾਈਆਂ ਗਈਆਂ, ਬੈਂਚ ਪ੍ਰੈਸ ਦੇ ਮੁਕਾਬਲੇ, ਮਰਦਾਂ ਅਤੇ ਔਰਤਾਂ ਲਈ ਰੱਸਾ ਕਸੀ ਦੇ ਮੁਕਾਬਲੇ, ਬਜ਼ੁਰਗਾਂ ਦੇ ਰੱਸੇ ਦੇ ਮੁਕਾਬਲੇ ਕਰਵਾਏ ਗਏ, ਔਰਤਾਂ ਲਈ ਗਾਗਰ ਰੇਸ, ਔਰਤਾਂ ਦੀ ਮਿਊਜ਼ੀਕਲ ਚੇਅਰ ਰੇਸ, ਬੱਚਿਆਂ ਲਈ ਮਿਊਜ਼ੀਕਲ ਚੇਅਰ ਰੇਸ, ਆਦਿ ਹੋਰ ਬਹੁਤ ਸਾਰੀਆਂ ਖੇਡਾਂ ਕਰਵਾਈਆਂ ਗਈਆਂ। ਕਬੱਡੀ ਦਾ ਸ਼ੋਅ ਮੈਚ ਮੇਲੇ ਦੀ ਸਮਾਪਤੀ ਦਾ ਸ਼ਿੰਗਾਰ ਬਣਿਆ।





ਮਨਮੋਹਣ ਸੰਧੂ ਵਲੋਂ ਦਿੱਤੀ ਜਾਣਕਾਰੀ ਮੁਤਾਬਿਕ ਸੌਕਰ ਓਪਨ ਦੇ ਵਿੱਚ 8 ਟੀਮਾਂ ਸਨ, ਇਨ੍ਹਾਂ ਵਿੱਚ ਟ੍ਰਾਈਸਿਟੀ ਫੁੱਟਬਾਲ ਕਲੱਬ, ਬ੍ਰੈਂਟਫੋਰਡ ਫੁੱਟਬਾਲ ਕਲੱਬ, ਬੀਐਲਸੀ 84, ਡਬਲਿਊ ਪੀ ਫੁੱਟਬਾਲ ਕਲੱਬ, ਬੀਐਲਸੀ 84 ਯੈਲੋ ਫੁੱਟਬਾਲ ਕਲੱਬ, ਈਗਲ ਫੁੱਟਬਾਲ ਕਲੱਬ, ਯੂਨਾਈਟਿਡ ਵਿੰਗ ਫੁੱਟਬਾਲ ਕਲੱਬ, ਐਫਐਫਸੀ ਫੁੱਟਬਾਲ ਕਲੱਬ। ਫਾਈਨਲ ਵਿੱਚ ਈਗਲ ਫੁੱਟਬਾਲ ਕਲੱਬ ਜੇਤੂ ਰਹੀ ਅਤੇ ਟ੍ਰਾਈਸਿਟੀ ਫੁੱਟਬਾਲ ਕਲੱਬ ਦੂਜੇ ਸਥਾਨ 'ਤੇ ਰਹੀ। ਪਰਦੀਪ ਬੈਂਸ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਵਾਲੀਬਾਲ ਵਿੱਚ ਪੂਲ ਏ ਵਿੱਚ 5 ਟੀਮਾਂ ਅਤੇ ਪੂਲ ਬੀ ਵਿੱਚ 5 ਟੀਮਾਂ ਸਨ ਪੂਲ ਏ ਵਿੱਚ ਟਾਈਗਰ ਏ, ਪੰਜਾਬ ਸਪਾਈਕਰਜ਼, ਮਾਲਵਾ ਕਲੱਬ, ਐਸਬੀਐਸ ਕੈਮਬ੍ਰਿਜ, ਕੇਡਬਲਿਊ ਕ੍ਰਸ਼ਰ, ਪੂਲ ਬੀ ਵਿੱਚ ਐਸਬੀਐਸ-ਕੇਵੀਸੀ, ਟਾਈਗਰ ਬੀ, ਲੰਡਨ ਈਗਲ, ਅਲਾਇੰਜ਼ ਪੰਜਾਬ ਅਤੇ ਸੂਜ਼ਨ ਲੰਡਨ ਇਨ੍ਹਾਂ ਟੀਮਾਂ ਦੇ ਫਸਵੇਂ ਮੁਕਾਬਲਿਆਂ ਵਿੱਚੋਂ ਫਾਈਨਲ ਵਿੱਚ ਟਾਈਗਰ ਬੀ ਵਾਲੀਬਾਲ ਕਲੱਬ ਦੀ ਟੀਮ ਜੇਤੂ ਰਹੀ ਅਤੇ ਐਸਬੀਐਸ ਕੈਮਬ੍ਰਿਜ ਦੂਜੇ ਸਥਾਨ 'ਤੇ ਰਹੀ। ਅਮਨਦੀਪ ਮੁਸ਼ਿਆਨਾ ਅਤੇ ਸਰਬਜੀਤ ਸੰਧੂ ਵਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਿਕ ਰੱਸੇ ਦੇ ਮੁਕਾਬਲੇ ਵਿੱਚ ਫਤੇਹ ਕਲੱਬ ਦੀ ਟੀਮ ਜੇਤੂ ਰਹੀ ਅਤੇ ਸੰਧਵਾਂ ਸਪੋਰਟਸ ਕਲੱਬ ਦੀ ਟੀਮ ਦੂਜੇ ਨੰਬਰ 'ਤੇ ਰਹੀ। ਬੈਂਚ ਪ੍ਰੈਸ ਦੇ ਮੁਕਾਬਲੇ ਵਿੱਚ ਸੁੱਖ ਸਮਰਾ ਜੇਤੂ ਰਿਹਾ ਜਿਸਨੇ 345 ਪੌਂਡ ਦੀ ਬੈਂਚ ਪ੍ਰੈਸ ਲਾਈ 295 ਪੌਂਡ ਭਾਰ ਚੁੱਕ ਕੇ ਜੱਸਾ ਦੂਜੇ ਸਥਾਨ 'ਤੇ ਰਿਹਾ, ਬੈਂਚ ਪ੍ਰੈਸ ਦੇ ਮੁਕਾਬਲਿਆਂ ਦੇ ਅਯੋਜਨ ਵਿੱਚ ਦਲਜੀਤ ਬਰਾੜ, ਕੁਲਵੰਤ ਭੱਟੀ, ਹਰਜੀਤ ਤੱਖਰ ਨੇ ਅਹਿਮ ਭੂਮਿਕਾ ਨਿਭਾਈ। ਸਨਿੱਚਰਵਾਰ 2 ਅਗਸਤ ਅਤੇ ਐਤਵਾਰ 3 ਅਗਸਤ ਵਾਲੇ ਦਿਨ ਖੇਡਾਂ ਦੀ ਕੁਮੈਂਟਰੀ ਦੀ ਜ਼ਿਮੇਵਾਰੀ ਸ਼ਿੰਦਰ ਧਾਲੀਵਾਲ, ਗੁਰਦਾਵਰ ਸੰਧੂ, ਜਸਵੰਤ ਸਿੰਘ ਵਲੋਂ ਬਾਖੂਬੀ ਨਿਭਾਈ ਗਈ। ਐਤਵਾਰ 3 ਅਗਸਤ ਨੂੰ ਖੇਡਾਂ ਦੀ ਕੁਮੈਂਟਰੀ (ਕਬੱਡੀ ਦੀ ਕੁਮੈਂਟਰੀ ਵਿੱਚ ਜਾਣਿਆਂ ਪਛਾਣਿਆਂ ਨਾਂ) ਸ਼ਿੰਦਰ ਧਾਲੀਵਾਲ ਵਲੋਂ ਆਪਣੇ ਵੱਖਰੇ ਅੰਦਾਜ ਵਿੱਚ ਕੀਤੀ ਗਈ ਇਨ੍ਹਾਂ ਦੇ ਨਾਲ ਗੁਰਦਾਵਰ ਸੰਧੂ, ਜਸਵੰਤ ਸਿੰਘ ਨੇ ਵੀ ਸਾਥ ਦਿੱਤਾ। ਦੋਨੇ ਦਿਨ ਸਟੇਜ ਤੋਂ ਮੇਲੇ ਦੇ ਸਾਰੇ ਸਪਾਂਸਰਜ਼ ਦਾ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਇੱਕ ਵੱਡੀ ਡਿਜੀਟਲ ਸਕ੍ਰੀਨ ਉੱਪਰ ਸਾਰੇ ਸਪਾਂਸਰਜ਼ ਦਾ ਸਲਾਈਡ ਸ਼ੋਅ ਵੀ ਚਲਾਇਆ ਗਿਆ, ਜਿਸ ਦੀ ਸਾਰੇ ਸਪਾਂਸਰਜ਼ ਵਲੋਂ ਬਹੁਤ ਤਾਰੀਫ ਕੀਤੀ ਗਈ ਅਤੇ ਇੱਕ ਵਧੀਆ ਉਪਰਾਲਾ ਦੱਸਿਆ। ਮੇਅਰ ਵਲੋਂ ਇਸ ਬਾਰ ਆਪਣਾ ਇੱਕ ਇੰਨਫਰਮੇਸ਼ਨ ਬੂਥ ਵੀ ਸਥਾਪਿਤ ਕੀਤਾ ਗਿਆ ਸੀ, ਜਿੱਥੇ ਲੋਕਾਂ ਨੇ ਜਾਕੇ ਮੇਅਰ ਨਾਲ ਫੋਟੋ ਵੀ ਖਿਚਵਾਈ ਅਤੇ ਸਿਟੀ ਦੀਆਂ ਸੇਵਾਵਾਂ ਸਬੰਧੀ ਜਾਣਕਾਰੀ ਵੀ ਹਾਸਲ ਕੀਤੀ। ਵੁੱਡਸਟੋਕ ਤੋਂ ਯੂਨਾਇਟਿਡ ਵਿੰਗਜ਼ ਸੌਕਰ ਕਲੱਬ ਦੇ ਬੱਚਿਆਂ ਵਲੋਂ ਸੌਕਰ ਦਾ ਸ਼ੋਅ ਮੈਚ ਵੀ ਕਰਵਾਇਆ ਗਿਆ।

ਮੁੱਖ ਮਹਿਮਾਨਾਂ ਵਿੱਚ ਕੈਂਮਬ੍ਰਿਜ ਦੀ ਮੇਅਰ ਜੈਨ ਲਿਗੈਟ, ਐਮਪੀ ਕੋਨੀ ਕੋਡੀ, ਵਾਰਡ 1 ਤੋਂ ਕੌਂਸਲਰ ਹੈਲਨ ਸ਼ਵੇਰੀ, ਵਾਰਡ 3 ਤੋਂ ਕੌਂਸਲਰ ਕੋਰੀ ਕਿਮਸਨ, ਵਾਰਡ 4 ਤੋਂ ਕੌਂਸਲਰ ਰੌਸ ਅਰਨਸ਼ੌਅ, ਵਾਰਡ 8 ਤੋਂ ਕੌਂਸਲਰ ਨਿਕਲਸ ਇਮਰਾਟਾ, ਵਾਟਰਲੂ ਤੋਂ ਲਿਬਰਲ ਐਮਪੀ ਬਰਦੀਸ਼ ਚੱਗੜ, ਵਾਟਰਲੂ ਪੁਲਿਸ ਦੇ ਚੀਫ ਮਾਰਕ ਕ੍ਰੋਵੈਲ ਅਤੇ ਹੋਰ ਨੁਮਾਇੰਦੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। 'ਰੇ ਨੁਮਾਇੰਦਿਆਂ ਨੇ ਦਰਸ਼ਕਾਂ ਨਾਲ ਆਪਣੇ ਵਿਚਾਰ ਵੀ ਸਾਂਝੇ ਕੀਤੇ, ਮੇਅਰ ਨੇ ਆਪਣੇ ਭਾਸ਼ਣ ਵਿੱਚ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਗਲੇ ਸਾਲ ਸਿਟੀ ਵਲੋਂ ਬੱਸ ਸੇਵਾ ਦਾ ਇੰਤਜ਼ਾਮ ਦੀ ਕੀਤਾ ਜਾਵੇਗਾ। ਕੈਂਮਬ੍ਰਿਜ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਮੁੱਖ ਸੇਵਾਦਾਰ ਸੁਖਵਿੰਦਰ ਸਮਰਾ ਵਲੋਂ ਸਮੂਹ ਸਪਾਂਸਰ ਵੀਰਾਂ/ਭੈਣਾਂ ਦਾ, ਸਾਰੇ ਵਲੰਟੀਅਰਜ਼ ਦਾ ਅਤੇ ਸਮੂਹ ਦਰਸ਼ਕਾਂ ਦਾ, ਮੀਡੀਆ ਸਹਿਯੋਗੀ ਪੰਜਾਬ ਸਟਾਰ, ਹਮਦਰਦ, ਪੰਜਾਬੀ ਪੋਸਟ ਅਤੇ ਪਰਵਾਸੀ ਮੀਡੀਆ ਦਾ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਬਹੁਤ ਧੰਨਵਾਦ ਕੀਤਾ। ਇਸ ਤਰ੍ਹਾਂ ਦੇ ਵੱਡੇ ਸਮਾਗਮ ਨੂੰ ਨੇਪਰੇ ਚਾੜ੍ਹਣ ਲਈ ਵੱਡੀ ਟੀਮ ਹੁੰਦੀ ਹੈ ਇਨ੍ਹਾਂ ਵਿੱਚ ਗੁਰਜੀਤ ਧਾਲੀਵਾਲ, ਸੋਢੀ ਖੇਲਾ, ਹੈਰੀ ਬੈਂਸ, ਸਰਬਜੀਤ ਸੰਧੂ, ਅਮਨਦੀਪ ਮੁਸ਼ਿਆਣਾ, ਜਸ ਸਾਦੜਾ, ਰੇਸ਼ਮ ਸਿੰਘ ਸਾਦੜਾ, ਹਰਜੀਤ ਤੱਖਰ, ਕੁਲਵੰਤ ਭੱਟੀ, ਬਹਾਦਰ ਖੇਲਾ, ਬਲਜੀਤ ਭੁੱਲਰ, ਹਰਵਿੰਦਰ ਗਰਚਾ, ਪਰਦੀਪ ਬੈਂਸ, ਜਗਦੀਪ ਪੁਰਬਾ, ਜਸਵੀਰ ਬਰਾੜ, ਹੀਰਾ ਗਿੱਲ, ਅਮਨ ਹੰਸ, ਵਿੰਦਾ ਸੰਧੂ, ਰਣਜੀਤ ਸਿੰਘ, ਮੱਖਣ ਸਿੰਘ ਬੜਿਆਲ, ਮੱਖਣ ਸਮਰਾ, ਸਿਮਰਤ ਗਰੇਵਾਲ, ਕੁਲਵੀਰ ਸਿੰਘ, ਸਿਮਰਨ ਹੁੰਦਲ ਆਦਿ ਬਹੁਤ ਵੱਡੀ ਟੀਮ ਨੇ ਦਿਨ ਰਾਤ ਮਹਿਨਤ ਕੀਤੀ। ਮੇਲੇ ਵਿੱਚ ਦੋਨੇ ਦਿਨ ਫੋਟੋਗ੍ਰਾਫੀ ਦੀ ਸੇਵਾ ਸਿਮਰਨ ਹੁੰਦਲ ਵਲੋਂ ਨਿਭਾਈ ਗਈ ਪ੍ਰਬੰਧਕਾਂ ਵਲੋਂ ਇਨ੍ਹਾਂ ਦਾ ਵੀ ਬਹੁਤ ਧੰਨਵਾਦ ਕੀਤਾ ਗਿਆ। ਦੋਨੇ ਦਿਨ ਜਿੱਥੇ ਕੈਂਮਬ੍ਰਿਜ ਗੁਰਦੁਆਰਾ ਸਾਹਿਬ ਵਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ, ਉਸ ਦੇ ਨਾਲ ਵੱਖ ਵੱਖ ਵਿਪਾਰਿਕ ਅਦਾਰਿਆਂ ਵਲੋਂ ਵੀ ਖਾਣ/ਪੀਣ ਦੇ ਸਟਾਲ ਲਾਏ ਗਏ ਸਨ, ਜਿਨ੍ਹਾਂ ਵਿੱਚ ਚਾਨੀਆਂ ਟ੍ਰਾਂਸਪੋਰਟ, ਚੜ੍ਹਦੀਕਲਾ ਸਪੋਰਟਸ ਐਂਡ ਕਲਚਰਲ ਕਲੱਬ, ਪਾਪੂਲਰ ਪੀਜ਼ਾ, ਜੀਨੋਜ਼ ਪੀਜ਼ਾ, ਓਮੇਗਾ ਟ੍ਰਾਂਸ ਕੈਰੀਅਰ, ਸੁਪਰਐਕਸ ਟਰੱਕ ਰਿਪੇਅਰ, ਸੁਪਰਟ੍ਰਾਂਸ, ਸਕਾਈਟ੍ਰਾਸ ਟਰੱਕ ਰਿਪੇਅਰ ਵਲੋਂ ਵੱਧ ਚੜ੍ਹਕੇ ਸੇਵਾ ਕੀਤੀ ਗਈ। ਬਹੁਤ ਸਾਰੇ ਵਿਓਪਾਰੀ ਵੀਰਾਂ/ਭੈਣਾਂ ਵਲੋਂ ਵੱਖ-ਵੱਖ ਸਟਾਲ ਵੀ ਲਾਏ ਗਏ। ਦੋਨੇ ਦਿਨ ਦਰਸ਼ਕਾਂ ਨੇ ਮੇਲੇ ਦਾ ਖੂਬ ਅਨੰਦ ਮਾਣਿਆ। 15ਵੇਂ ਕੈਮਬ੍ਰਿਜ ਪੰਜਾਬੀ ਖੇਡ ਮੇਲੇ ਨੂੰ ਕਾਮਯਾਬੀ ਨਾਲ ਕਰਵਾਉਣ ਲਈ ਸਮੂਹ ਪ੍ਰਬੰਧਕੀ ਕਮੇਟੀ ਨੂੰ ਬਹੁਤ ਵਧਾਈ।

# ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਹੱਲਾਸ਼ੇਰੀ ਦੇਣ ਵਾਲੇ ਗਿਰੋਹਾਂ ਵਿਰੁੱਧ ਬਰਤਾਨੀਆਂ ਲਿਆਵੇਗਾ ਨਵਾਂ ਕਾਨੂੰਨ




ਬਰਤਾਨੀਆਂ ਨੇ ਐਤਵਾਰ ਨੂੰ ਇਕ ਨਵੇਂ ਕਾਨੂੰਨ ਦੀ ਯੋਜਨਾ ਦਾ ਪ੍ਰਗਟਾਵਾ ਕੀਤਾ ਹੈ ਜਿਸ ਹੇਠ ਗੈਰ-ਕਾਨੂੰਨੀ ਤਰੀਕਿਆਂ ਨਾਲ ਪ੍ਰਵਾਸ ਨੂੰ ਉਤਸ਼ਾਹਤ ਕਰਨ ਵਾਲੇ ਸੋਸ਼ਲ ਮੀਡੀਆ ਇਸ਼ਤਿਹਾਰਾਂ ਦੇ ਪਿੱਛੇ ਅਪਰਾਧਕ ਗਿਰੋਹਾਂ ਉਤੇ ਸ਼ਿਕੰਜਾ ਕੱਸਿਆ ਜਾਵੇਗਾ। ਇਹ ਗਿਰੋਹ ਖਤਰਨਾਕ ਛੋਟੀਆਂ ਕਿਸ਼ਤੀਆਂ ਰਾਹੀਂ ਅਤੇ ਹੋਰ ਤਰੀਕਿਆਂ ਰਾਹੀਂ ਗ਼ੈਰਕਾਨੂੰਨੀ ਪ੍ਰਵਾਸੀ ਯੂ.ਕੇ. 'ਚ ਦਾਖ਼ਲ ਕਰਵਾਉਂਦੇ ਹਨ। ਸਰਹੱਦੀ ਸੁਰੱਖਿਆ, ਸ਼ਰਨ ਅਤੇ ਇਮੀਗ੍ਰੇਸ਼ਨ ਬਿਲ ਵਿਚ ਇਕ ਨਵੀਂ ਸੋਧ ਦੇ ਤਹਿਤ, ਬਰਤਾਨੀਆਂ ਦੇ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਨੂੰ ਉਤਸ਼ਾਹਤ ਕਰਨ ਵਾਲੀ ਜਾਂ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲੀ ਆਨਲਾਈਨ ਸਮੱਗਰੀ ਤਿਆਰ ਕਰਨ ਨੂੰ ਅਪਰਾਧ ਐਲਾਨ ਕੀਤਾ ਜਾਵੇਗਾ।

ਇਸ ਵਿਚ ਇੰਗਲਿਸ਼ ਚੈਨਲ ਦੇ ਪਾਰ ਛੋਟੀਆਂ ਕਿਸ਼ਤੀਆਂ ਨੂੰ ਪਾਰ ਕਰਨਾ, ਪਾਸਪੋਰਟ ਜਾਂ ਵੀਜ਼ਾ ਵਰਗੇ ਜਾਅਲੀ ਯਾਤਰਾ ਦਸਤਾਵੇਜ਼ ਬਣਾਉਣਾ, ਜਾਂ ਯੂ.ਕੇ. ਵਿਚ ਗੈਰ-ਕਾਨੂੰਨੀ ਕੰਮ ਦੇ ਮੌਕਿਆਂ ਦਾ ਸਪੱਸ਼ਟ ਤੌਰ ਉਤੇ ਵਾਅਦਾ ਕਰਨਾ ਸ਼ਾਮਲ ਹੋ ਸਕਦਾ ਹੈ, ਤਾਂ ਜੋ ਦੁਨੀਆਂ ਵਿਚ ਕਿਤੇ ਵੀ ਸਥਿਤ ਮਨੁੱਖੀ ਤਸਕਰਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਨਵੇਂ ਅਪਰਾਧ ਤਹਿਤ ਫੜੇ ਗਏ ਵਿਅਕਤੀਆਂ ਨੂੰ ਪੰਜ ਸਾਲ ਤਕ ਦੀ ਕੈਦ ਅਤੇ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਰਤਾਨੀਆਂ ਦੇ ਗ੍ਰਹਿ ਮੰਤਰੀ ਯੇਵੇਟ ਕੂਪਰ ਨੇ ਕਿਹਾ, ''ਬਰਤਾਨੀਆਂ ਦੀ ਸੁਰੱਖਿਅਤ ਯਾਤਰਾ ਅਤੇ ਇਸ ਦੇਸ਼ ਵਿਚ ਜ਼ਿੰਦਗੀ ਬਿਤਾਉਣ ਦੇ ਝੂਠੇ ਵਾਅਦੇ ਨੂੰ ਸਿਰਫ ਪੈਸਾ ਕਮਾਉਣ ਲਈ ਵੇਚਣਾ ਅਨੈਤਿਕ ਤੋਂ ਘੱਟ ਨਹੀਂ ਹੈ।'' ਉਨ੍ਹਾਂ ਕਿਹਾ, ''ਇਨ੍ਹਾਂ ਅਪਰਾਧੀਆਂ ਨੂੰ ਸੋਸ਼ਲ ਮੀਡੀਆ ਉਤੇ ਬੇਰਹਿਮ ਰਣਨੀਤੀਆਂ ਦੀ ਵਰਤੋਂ ਕਰ ਕੇ ਪ੍ਰਵਾਸੀਆਂ ਨੂੰ ਜਾਨਲੇਵਾ ਸਥਿਤੀਆਂ ਵਲ ਲਿਜਾਣ ਨਾਲ ਕੋਈ ਸਮੱਸਿਆ ਨਹੀਂ ਹੈ। ਅਸੀਂ ਉਨ੍ਹਾਂ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਦ੍ਰਿੜ ਹਾਂ-ਜਿਥੇ ਵੀ ਉਹ ਕੰਮ ਕਰਦੇ ਹਨ।''

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

## ਪੇਜ ਇੱਕ ਦੀ ਬਾਕੀ

### ਅਫ਼ਰੀਕੀ ਦੇਸ਼ ਘਾਨਾ...

ਘਾਨਾ ਦੀ ਫ਼ੌਜ ਨੇ ਕਿਹਾ ਕਿ ਹੈਲੀਕਾਪਟਰ ਨੇ ਸਵੇਰੇ 9:12 ਵਜੇ ਰਾਜਧਾਨੀ ਅਕਰਾ ਤੋਂ ਉਡਾਣ ਭਰੀ ਅਤੇ ਸੋਨੇ ਦੀ ਖਾਨ ਵਾਲੇ ਸ਼ਹਿਰ ਓਬੁਆਸੀ ਵੱਲ ਜਾ ਰਿਹਾ ਸੀ, ਜਿੱਥੇ ਇੱਕ ਰਾਸ਼ਟਰੀ ਸਮਾਗਮ ਹੋਣਾ ਸੀ। ਇਸ ਦੌਰਾਨ ਅਚਾਨਕ ਇਸ ਦਾ ਸੰਪਰਕ ਟੁੱਟ ਗਿਆ।

ਰਾਸ਼ਟਰਪਤੀ ਜੌਨ ਮਹਾਮਾ ਦੇ ਚੀਫ਼ ਆਫ਼ ਸਟਾਫ਼ ਜੂਲੀਅਸ ਡੇਬਰਾਹ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ: ਰਾਸ਼ਟਰਪਤੀ ਅਤੇ ਸਰਕਾਰ ਇਸ ਦੁਖਦਾਈ ਹਾਦਸੇ ਵਿੱਚ ਆਪਣੀਆਂ ਜਾਨਾਂ ਗੁਆਉਣ ਵਾਲੇ ਸਾਡੇ ਸਾਥੀਆਂ ਦੇ ਪਰਿਵਾਰਾਂ ਪ੍ਰਤੀ ਆਪਣੀ ਸੰਵੇਦਨਾ ਪ੍ਰਗਟ ਕਰਦੇ ਹਨ। ਅਗਲੇ ਨੋਟਿਸ ਤੱਕ ਦੇਸ਼ ਭਰ ਵਿੱਚ ਝੰਡੇ ਅੱਧੇ ਝੁਕੇ ਰਹਿਣਗੇ।

### ਅਮਰੀਕਾ ਨੇ ਵਧਾਇਆ...

ਸਮੇਂ ਇਹ ਸਪੱਸ਼ਟ ਨਹੀਂ ਸੀ ਕਿ ਇਹ ਜੁਰਮਾਨਾ ਕਿਸ ਰੂਪ ਵਿੱਚ ਹੋਵੇਗਾ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਜੇਕਰ ਭਾਰਤ ਰੂਸ ਤੋਂ ਤੇਲ ਖਰੀਦਦਾ ਹੈ, ਤਾਂ ਉਹ ਖੁਸ਼ ਨਹੀਂ ਹੋਣਗੇ। ਟਰੰਪ ਨੇ ਕਿਹਾ ਕਿ ਉਹ (ਭਾਰਤ) ਰੂਸੀ ਤੇਲ ਖਰੀਦ ਰਹੇ ਹਨ, ਉਹ ਜੰਗੀ ਮਸ਼ੀਨ ਨੂੰ ਬਾਲਣ ਦੇ ਰਹੇ ਹਨ। ਜੇ ਉਹ ਅਜਿਹਾ ਕਰਦੇ ਹਨ, ਤਾਂ ਮੈਂ ਬਿਲਕੁਲ ਵੀ ਖੁਸ਼ ਨਹੀਂ ਹੋਵਾਂਗਾ। ਟਰੰਪ ਵੱਲੋਂ ਭਾਰਤ 'ਤੇ ਲਗਾਇਆ ਗਿਆ ਨਵਾਂ ਟੈਰਿਫ ਅਮਰੀਕਾ ਦੇ ਕਿਸੇ ਵੀ ਹੋਰ ਵਪਾਰਕ ਭਾਈਵਾਲ 'ਤੇ ਲਗਾਏ ਗਏ ਸਭ ਤੋਂ ਉੱਚੇ ਟੈਕਸਾਂ ਵਿੱਚੋਂ ਇੱਕ ਹੈ। ਇਹ ਉਸ ਦੇ ਰੁਖ ਦਾ ਹਿੱਸਾ ਹੈ ਜਿਸ ਵਿੱਚ ਉਸਨੇ ਰੂਸ ਤੋਂ ਤੇਲ ਖਰੀਦਣ ਵਾਲੇ ਦੇਸ਼ਾਂ ਨੂੰ ਸਜ਼ਾ ਦੇਣ ਦੀ ਧਮਕੀ ਦਿੱਤੀ ਸੀ।

### ਕੈਨੇਡਾ 'ਚ ਦਾਖਲ...

ਦੂਜੇ ਪਾਸੇ ਮਨੁੱਖੀ ਤਸਕਰੀ ਦੇ ਤਿੰਨ ਸ਼ੱਕੀਆਂ ਨੂੰ ਬੁੱਧਵਾਰ ਤੱਕ ਅਦਾਲਤ ਵਿਚ ਪੇਸ਼ੀ ਹੋਣ ਤੱਕ ਹਿਰਾਸਤ ਵਿਚ ਰੱਖਿਆ ਜਾਵੇਗਾ। ਆਰ.ਸੀ.ਐਮ.ਪੀ. ਦੇ ਬੁਲਾਰੇ ਚਾਰਲਸ ਪੌਇਰੀਅਰ ਮੁਤਾਬਕ ਵੱਡੀ ਗਿਣਤੀ ਵਿਚ ਪ੍ਰਵਾਸੀਆਂ ਦੇ ਕੈਨੇਡਾ ਦਾਖਲ ਹੋਣ ਦੀ ਇਤਲਾਹ ਮਿਲਣ ਮਗਰੋਂ ਐਤਵਾਰ ਵੱਡੇ ਤੜਕੇ ਤਕਰੀਬਨ ਸਵਾ ਦੋ ਵਜੇ ਕਿਊਬ ਵੈਨ ਨੂੰ ਰੋਕਿਆ ਗਿਆ। ਮੰਨਿਆ ਜਾ ਰਿਹਾ ਹੈ ਕਿ ਇਹ ਸਾਰੇ ਪੈਦਲ ਅਮਰੀਕਾ ਤੋਂ ਕੈਨੇਡਾ ਦੀ ਸਰਹੱਦ ਵਿਚ ਦਾਖਲ ਹੋਏ ਅਤੇ ਫਿਰ ਟਰੱਕ ਰਾਹੀਂ ਵਸੋਂ ਵਾਲੇ ਇਲਾਕੇ ਵੱਲ ਜਾ ਰਹੇ ਸਨ। ਚਾਰਲਸ ਦਾ ਕਹਿਣਾ ਸੀ ਕਿ ਉਸ ਨੇ ਆਪਣੀ ਨੌਕਰੀ ਦੌਰਾਨ ਪ੍ਰਵਾਸੀਆਂ ਦਾ ਐਨਾ ਵੱਡਾ ਝੁੰਡ ਕਦੇ ਨਹੀਂ ਦੇਖਿਆ।

ਪੁਲਿਸ ਦਾ ਮੰਨਣਾ ਹੈ ਕਿ ਹਵਾ-ਪਾਣੀ ਦੀ ਅਣਹੋਂਦ ਵਿਚ ਇਕ ਬੰਦ ਟਰੱਕ ਅੰਦਰ ਮੌਜੂਦ ਪ੍ਰਵਾਸੀਆਂ ਨਾਲ ਕੁਝ ਵੀ ਹੋ ਸਕਦਾ ਸੀ ਪਰ ਖੁਸ਼ਕਿਸਮਤੀ ਨਾਲ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਇਸੇ ਦੌਰਾਨ ਕੈਨੇਡਾ ਅਤੇ ਯੂ.ਕੇ. ਦੇ ਨਕਲੀ ਪਾਸਪੋਰਟ ਰਾਹੀਂ ਪ੍ਰਵਾਸੀਆਂ ਦੀ ਆਵਾਜਾਈ ਕਰਵਾਉਣ ਵਾਲੇ ਇਕ ਗਿਰੋਹ ਦਾ ਸਪੇਨ ਵਿਚ ਪਰਦਾ ਫਾਸ਼ ਕੀਤਾ ਗਿਆ ਹੈ। ਮੀਡੀਆ ਰਿਪੋਰਟ ਮੁਤਾਬਕ ਗਰੀਸ ਵਿਚ ਰਫ਼ਿਊਜੀ ਦਸਤਾਵੇਜ਼ ਹਾਸਲ ਕਰਨ ਵਾਲੇ ਪ੍ਰਵਾਸੀਆਂ ਨੂੰ ਯੂਰਪੀ ਹਵਾਈ ਅੱਡਿਆਂ 'ਤੇ ਭੇਜਿਆ ਜਾਂਦਾ ਜਿਥੇ ਗਿਰੋਹ ਦੇ ਮੈਂਬਰ 3 ਹਜ਼ਾਰ ਡਾਲਰ ਵਿਚ ਕੈਨੇਡਾ ਜਾਂ ਯੂ.ਕੇ. ਦਾ ਜਾਅਲੀ ਪਾਸਪੋਰਟ ਮੁਹੱਈਆ ਕਰਵਾ ਦਿੰਦੇ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਸੂਹ 'ਤੇ ਹੀ ਸਪੈਨਿਸ਼ ਪੁਲਿਸ ਨੇ ਕਾਰਵਾਈ ਕੀਤੀ ਕਿਉਂਕਿ ਵੱਡੀ ਗਿਣਤੀ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਨੇ ਜਾਅਲੀ ਪਾਸਪੋਰਟ ਦੇ ਆਧਾਰ 'ਤੇ ਸਪੇਨ ਤੋਂ ਕੈਨੇਡਾ ਦਾ ਜਹਾਜ਼ ਚੜ੍ਹਨ ਦਾ ਯਤਨ ਕੀਤਾ। ਮੈਡਰਿਡ ਅਤੇ ਸਪੇਨ ਦੇ ਉਤਰੀ ਹਿੱਸਿਆਂ ਵਿਚ ਮਾਰੇ ਛਾਪਿਆਂ ਦੌਰਾਨ ਗਿਰੋਹ ਦੇ 11 ਮੈਂਬਰਾਂ ਨੂੰ ਕਾਬੂ ਕੀਤਾ ਗਿਆ। ਆਸਟਰੀਆ, ਫਿਨਲੈਂਡ, ਜਰਮਨੀ, ਸਵਿਟਜ਼ਰਲੈਂਡ ਅਤੇ ਯੂ.ਕੇ. ਦੀਆਂ ਜਾਂਚ ਏਜੰਸੀਆਂ ਨੇ ਵੀ ਸਪੇਨ ਪੁਲਿਸ ਦੀ ਮਦਦ ਕੀਤੀ ਅਤੇ ਪੜਤਾਲ ਦੌਰਾਨ ਫਲਾਈਟ ਬੁਕਿੰਗਜ਼, ਮਨੀ ਟ੍ਰਾਂਸਫਰ, ਕ੍ਰੈਡਿਟ ਕਾਰਡ ਪੇਮੈਂਟਸ ਅਤੇ ਏਅਰਪੋਰਟ ਸਰਵੇਲੈਂਸ ਫੁਟੇਜ ਦੀ ਡੂੰਘਾਈ ਨਾਲ ਪੁਣ-ਛਾਣ ਕੀਤੀ ਗਈ।

### ਕੈਨੇਡਾ ਵੱਲੋਂ ਠੱਗ...

ਵੀ ਬਿਨੈਕਾਰ ਉਸ ਨੂੰ ਅਰਜ਼ੀ ਵਿਚ ਸ਼ਾਮਲ ਨਹੀਂ ਕਰਨਾ ਚਾਹੁੰਦਾ। ਇਹ ਰੁਝਾਨ ਐਨਾ ਵਧਿਆ ਕਿ ਪੀ.ਆਰ. ਦੀਆਂ ਜ਼ਿਆਦਾਤਰ ਅਰਜ਼ੀਆਂ ਛੜਿਆਂ ਦੇ ਰੂਪ ਵਿਚ ਆਉਣ ਲੱਗੀਆਂ। ਉਧਰ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਦਾ ਮੰਨਣਾ ਹੈ ਕਿ ਜੇ ਬਿਨੈਕਾਰ ਦਾ ਜੀਵਨ ਸਾਥੀ ਪਹਿਲਾਂ ਹੀ ਕੈਨੇਡਾ ਵਿਚ ਮੌਜੂਦ ਹੈ ਤਾਂ ਪੱਕੇ ਤੌਰ 'ਤੇ ਮੁਲਕ ਵਿਚ ਰਹਿਣ ਦੇ ਇਰਾਦੇ ਸਾਫ਼ ਨਜ਼ਰ ਆ ਰਹੇ ਹਨ। ਅਜਿਹੇ ਵਿਚ ਇੰਮੀਗ੍ਰੇਸ਼ਨ ਵਾਲਿਆਂ ਨੇ ਬਗੈਰ ਜੀਵਨ ਸਾਥੀ ਤੋਂ ਕੈਨੇਡਾ ਪ੍ਰਵਾਸ ਕਰਨ ਦਾ ਇਰਾਦਾ ਜ਼ਾਹਰ ਕਰਨ ਵਾਲਿਆਂ ਨੂੰ ਵੱਖਰੀ ਨਜ਼ਰ ਨਾਲ ਦੇਖਣਾ ਸ਼ੁਰੂ ਕੀਤਾ ਅਤੇ ਉਨ੍ਹਾਂ ਦੀ ਦਲੀਲ ਨੂੰ ਇੰਮੀਗ੍ਰੇਸ਼ਨ ਐਂਡ ਰਫ਼ਿਊਜੀ ਐਕਟ ਦੀ ਧਾਰਾ 16 (1) ਅਤੇ 40 (1) ਅਧੀਨ ਗੁੰਮਰਾਹਕੁਨ ਮੰਨਿਆ ਜਾਣ ਲੱਗਾ। ਇਨ੍ਹਾਂ ਵਿਚੋਂ ਕੁਝ ਦੀਆਂ ਅਰਜ਼ੀਆਂ ਰੱਦ ਕੀਤੀਆਂ ਜਾ ਰਹੀਆਂ ਹਨ ਜਦਕਿ ਕੁਝ ਨੂੰ ਪ੍ਰੋਸੀਜਰਲ ਫੇਅਰਨੈਸ ਲੈਟਰਜ਼ ਭੇਜ ਕੇ ਸਫਾਈ ਮੰਗੀ ਜਾ ਰਹੀ ਹੈ। ਕੁਬੇਰ ਕਮਲ ਨੇ ਸੰਭਾਵਤ ਪ੍ਰਵਾਸੀਆਂ ਨੂੰ ਸੁਚੇਤ ਕੀਤਾ ਹੈ ਕਿ ਜੇ ਉਨ੍ਹਾਂ ਦਾ ਜੀਵਨ ਸਾਥੀ ਸਹੀ ਅਰਥਾਂ ਵਿਚ ਕੈਨੇਡਾ ਤੋਂ ਬਾਹਰ ਹੈ ਤਾਂ ਨੌਨ-ਅਕੰਪਨਿੰਗ ਸ਼ਬਦ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਿਸਾਲ ਵਜੋਂ ਇੰਮੀਗ੍ਰੇਸ਼ਨ ਵਾਲਿਆਂ ਨੂੰ ਦੱਸਿਆ ਜਾ ਸਕਦਾ ਹੈ ਕਿ ਬੱਚਿਆਂ ਦੀ ਜ਼ਿੰਮੇਵਾਰੀ ਜਾਂ ਨੌਕਰੀ ਨਾਲ ਸਬੰਧਤ ਕੁਝ ਕਾਰਨਾਂ ਕਰ ਕੇ ਫ਼ਿਲਹਾਲ ਪਤੀ ਜਾਂ ਪਤਨੀ ਕੈਨੇਡਾ ਨਹੀਂ ਆ ਸਕਦੀ ਪਰ ਇਹ ਗੱਲ ਦੀ ਧਿਆਨ ਰੱਖਣੀ ਹੋਵੇਗੀ ਕਿ ਕੈਨੇਡਾ ਪੁੱਜਣ ਤੋਂ ਤੁਰਤ ਬਾਅਦ ਆਪਣੇ ਜੀਵਨ ਸਾਥੀ ਨੂੰ ਸਪੌਂਸਰ ਕਰਨ ਦਾ ਯਤਨ ਨਾ ਕੀਤਾ ਜਾਵੇ।

**ਓਹਲਾ ਰੱਖਣ ਵਾਲੇ ਕੈਨੇਡਾ ਵਿਚ ਨਹੀਂ ਹੋ ਸਕਣਗੇ ਪੱਕੇ**

ਅਜਿਹੀਆਂ ਸਪੌਂਸਰਸ਼ਿਪ ਅਰਜ਼ੀਆਂ ਵੀ ਸਮੱਸਿਆ ਵਿਚ ਘਿਰਨ ਲੱਗੀਆਂ ਹਨ ਅਤੇ ਮਾਮਲੇ ਅਦਾਲਤਾਂ ਤੱਕ ਜਾ ਰਹੇ ਹਨ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਪ੍ਰਵਾਸ ਕਰਨ ਵਾਲਿਆਂ ਵਿਚ ਭਾਰਤੀ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ ਅਤੇ 2023 ਦੌਰਾਨ 52 ਹਜ਼ਾਰ ਤੋਂ ਵੱਧ ਭਾਰਤੀਆਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਦੇ ਸੱਦੇ ਭੇਜੇ ਗਏ। ਇੰਮੀਗ੍ਰੇਸ਼ਨ ਵਿਭਾਗ ਵੱਲੋਂ ਇਸ ਵੇਲੇ ਫਰੈਂਚ ਭਾਸ਼ਾ ਵਿਚ ਮੁਹਾਰਤ, ਕੈਨੇਡੀਅਨ ਤਜਰਬਾ ਸ਼੍ਰੇਣੀ, ਪ੍ਰੋਵਿਨਸ਼ੀਅਨ ਨੌਮਿਨੀ ਪ੍ਰੋਗਰਾਮ ਜਾਂ ਹੈਲਥ ਕੇਅਰ, ਐਜੂਕੇਸ਼ਨ ਅਤੇ ਵੱਖ ਵੱਖ ਟਰੇਡਜ਼ ਦੇ ਆਧਾਰ 'ਤੇ ਪੀ.ਆਰ. ਦੇ ਸੱਦੇ ਭੇਜੇ ਜਾ ਰਹੇ ਹਨ ਅਤੇ ਨੌਕਰੀ ਦੀ ਪੇਸ਼ਕਸ਼ ਦੇ ਵਾਧੂ ਅੰਕਾਂ ਦਾ ਸਿਲਸਿਲਾ 25 ਮਾਰਚ ਤੋਂ ਬੰਦ ਕੀਤਾ ਜਾ ਚੁੱਕਾ ਹੈ।

### ਕੈਨੇਡਾ : ਸੈਂਕੜੇ ਪੰਜਾਬੀਆਂ...

ਬਾਰਡਰ ਸਰਵਿਸਿਜ਼ ਵਾਲਿਆਂ ਕੋਲ ਪੇਸ਼ੀ ਦਾ ਨੋਟਿਸ ਵੀ ਲਗਾਤਾਰ ਵਾਇਰਲ ਹੋ ਰਿਹਾ ਹੈ।

**ਮਕਾਨ ਮਾਲਕ ਦੇ ਹਜ਼ਾਰਾਂ ਡਾਲਰ ਦੱਬਣ ਵਾਲਾ ਵੀ ਸ਼ਾਮਲ**

ਦੂਜੇ ਪਾਸੇ ਅਕਾਸ਼ਦੀਪ ਸਿੰਘ ਨਾਂ ਦੇ ਇਕ ਨੌਜਵਾਨ ਵੱਲੋਂ ਪਿਛਲੇ ਦਿਨੀਂ ਕੈਲਗਰੀ ਵਿਖੇ ਖੁਦਕੁਸ਼ੀ ਦੀ ਖਬਰ ਸਾਹਮਣੇ ਆਈ ਅਤੇ ਪਰਵਾਰਕ ਮੈਂਬਰਾਂ ਮੁਤਾਬਕ ਅਕਾਸ਼ਦੀਪ ਸਿੰਘ ਬਰੈਂਪਟਨ ਵਿਖੇ ਰਹਿੰਦਾ ਸੀ ਪਰ ਕੁਝ ਦਿਨ ਪਹਿਲਾਂ ਹੀ ਕੈਲਗਰੀ ਚਲਾ ਗਿਆ। ਇਹ ਨੌਜਵਾਨ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਪੱਕਾ ਨਾਲ ਸਬੰਧਤ ਸੀ ਪਰ ਫਿਲਹਾਲ ਇਸ ਗੱਲ ਦੀ ਤਸਦੀਕ ਨਹੀਂ ਹੋ ਸਕੀ ਕਿ 7 ਮਹੀਨੇ ਦਾ ਮਕਾਨ ਕਿਰਾਇਆ ਅਦਾ ਕੀਤੇ ਬਗੈਰ ਸਮਾਨ ਚੁੱਕ ਕੇ ਫਰਾਰ ਹੋਏ ਨੌਜਵਾਨਾਂ ਨਾਲ ਇਸ ਦਾ ਕੋਈ ਸਬੰਧਤ ਸੀ। ਚੇਤੇ ਰਹੇ ਕਿ ਖਾਲਿਸਤਾਨ ਹਮਾਇਤੀ ਹੋਣ ਦਾ ਦਾਅਵਾ ਕਰ ਰਹੇ ਕਿਰਾਏਦਾਰਾਂ ਨੇ ਬਰੈਂਪਟਨ ਵਿਖੇ ਦੱਬਿਆ ਮਕਾਨ ਕੁਝ ਹਫ਼ਤੇ ਪਹਿਲਾਂ ਚੁੱਪ-ਚਪੀਤੇ ਖਾਲੀ ਕਰ ਦਿਤਾ ਜਦਕਿ ਕਿਰਾਏ ਅਤੇ ਬਿਜਲੀ-ਪਾਣੀ ਦੇ ਬਿਲ ਵਜੋਂ ਬਕਾਇਆ 25 ਹਜ਼ਾਰ ਡਾਲਰ ਦੀ ਰਕਮ ਦੇਣ ਕੋਈ ਨਾ ਆਇਆ।

**ਇੰਮੀਗ੍ਰੇਸ਼ਨ ਵਾਲਿਆਂ ਤੋਂ ਲੁਕਦੇ ਫਿਰ ਰਹੇ ਨੌਜਵਾਨ**

ਕਿਰਾਏਦਾਰਾਂ ਦੇ ਨਾਂ ਸਿਮਰਨ ਕੌਰ, ਮਹਿੰਦਰ ਸਿੰਘ, ਪੁਨੀਤ ਪਾਲ ਸਿੰਘ, ਹਰਮਨਪ੍ਰੀਤ ਕੌਰ, ਅਕਾਸ਼ਦੀਪ ਸਿੰਘ ਅਤੇ ਸਬੀਰ ਸਿੰਘ ਦੱਸੇ ਜਾ ਰਹੇ ਹਨ ਅਤੇ ਡਿਪੋਰਟੇਸ਼ਨ ਦੇ ਹੁਕਮਾਂ ਨਾਲ ਸਬੰਧਤ ਤਾਜ਼ਾ ਖੁਲਾਸਾ ਹੋਰ ਵੀ ਹੈਰਾਨਕੁੰਨ ਹੈ। ਹੁਣ ਤੱਕ ਇਨ੍ਹਾਂ ਛੇ ਜਣਿਆਂ ਦੇ ਨਵੇਂ ਪਤੇ ਟਿਕਾਣੇ ਬਾਰੇ ਪਤਾ ਨਹੀਂ ਲੱਗ ਸਕਿਆ ਅਤੇ ਸਿਰਫ਼ ਅਕਾਸ਼ਦੀਪ ਸਿੰਘ ਦੀ ਤਸਵੀਰ ਹੀ ਸਾਹਮਣੇ ਆਈ ਹੈ।

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇਿਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬ੍ਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
open 7 Days a Week.

# ਧਰਨਾ ਦੇ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਦੀ ਵਿਗੜੀ ਸਿਹਤ



ਬਠਿੰਡਾ: ਪੰਜਾਬ ਸਰਕਾਰ ਦੀ ਨਵੀਂ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਸੋਮਵਾਰ ਨੂੰ ਬਠਿੰਡਾ ਦੇ ਡੀਸੀ ਦਫ਼ਤਰ ਸਾਹਮਣੇ ਸ਼੍ਰੋਮਣੀ ਅਕਾਲੀ ਦਲ (ਸ਼ਅਧ) ਵੱਲੋਂ ਧਰਨਾ-ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਸਾਬਕਾ ਮੰਤਰੀ ਅਤੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਦੀ ਤਬੀਅਤ ਅਚਾਨਕ ਵਿਗੜ ਗਈ। ਕੈਮਰੇ ਸਾਹਮਣੇ ਉਹ ਲੜਖੜਾਉਂਦੇ ਹੋਏ ਨਜ਼ਰ ਆਏ। ਮੌਕੇ 'ਤੇ ਮੌਜੂਦ ਵਰਕਰਾਂ ਨੇ ਤੁਰੰਤ ਉਨ੍ਹਾਂ ਨੂੰ ਸੰਭਾਲਿਆ ਅਤੇ ਨਜ਼ਦੀਕੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ। ਡਾਕਟਰਾਂ ਅਨੁਸਾਰ ਇਸ ਸਮੇਂ ਉਨ੍ਹਾਂ ਦੀ ਹਾਲਤ ਸਥਿਰ ਹੈ।

ਇਸ ਧਰਨੇ 'ਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਕਈ ਵੱਡੇ ਆਗੂ ਵੀ ਸ਼ਾਮਲ ਸਨ। ਸੂਬੇ ਭਰ ਦੇ ਕਿਸਾਨ ਸੰਗਠਨ ਵੀ ਇਸ ਨੀਤੀ ਦੇ ਵਿਰੋਧ ਵਿੱਚ ਵੱਖ-ਵੱਖ ਥਾਵਾਂ 'ਤੇ ਪ੍ਰਦਰਸ਼ਨ ਕਰ ਰਹੇ ਹਨ। ਕਿਸਾਨਾਂ ਦਾ ਦਾਅਵਾ ਹੈ ਕਿ ਇਹ ਨੀਤੀ ਉਨ੍ਹਾਂ ਦੀ ਜ਼ਮੀਨ ਅਤੇ ਰੋਜ਼ਗਾਰ ਲਈ ਵੱਡਾ ਖ਼ਤਰਾ ਹੈ।

ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਅਧਿਕਾਰੀਆਂ ਨੂੰ ਦਿੱਲੀ ਬੁਲਾ ਕੇ ਇਸ ਨੀਤੀ ਦੀ ਯੋਜਨਾ ਤਿਆਰ ਕਰਵਾਈ। ਉਨ੍ਹਾਂ ਦਾ ਕਹਿਣਾ ਸੀ ਕਿ ਯੋਜਨਾ ਦਾ ਮਕਸਦ 25 ਤੋਂ 30 ਹਜ਼ਾਰ ਕਰੋੜ ਰੁਪਏ ਇਕੱਠੇ ਕਰਨਾ ਹੈ, ਜਿਸ ਲਈ ਦਿੱਲੀ ਦੇ ਵੱਡੇ ਬਿਲਡਰਾਂ ਨੂੰ ਸੱਦਿਆ ਗਿਆ।

ਬਾਦਲ ਅਨੁਸਾਰ, ਹਰ ਜ਼ਿਲ੍ਹੇ ਦੇ ਡੀਸੀ ਨੂੰ ਹਦਾਇਤ ਦਿੱਤੀ ਗਈ ਕਿ ਉਹ ਜ਼ਮੀਨਾਂ ਸਰਕਾਰੀ ਕਬਜ਼ੇ 'ਚ ਲੈਣ। ਸਿਰਫ਼ ਲੁਧਿਆਣਾ ਵਿੱਚ ਹੀ 24 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਲੈਂਡ ਪੂਲਿੰਗ ਅਧੀਨ ਹਾਸਲ ਕਰਨ ਦੀ ਯੋਜਨਾ ਹੈ। ਬਾਦਲ ਨੇ ਕਿਹਾ ਕਿ ਜਦੋਂ ਸਾਡੀ ਸਰਕਾਰ ਸੀ ਤਾਂ ਅਸੀਂ ਕਿਸਾਨਾਂ ਨੂੰ ਜ਼ਮੀਨ ਦੇ ਬਦਲੇ ਚਾਰ ਗੁਣਾ ਮੁਆਵਜ਼ਾ ਦਿੰਦੇ ਸਾਂ।

# ਯਮਨ 'ਚ ਸਮੁੰਦਰੀ ਤੱਟ ਨੇੜੇ ਵਾਪਰਿਆ ਇੱਕ ਦਰਦਨਾਕ ਹਾਦਸਾ

## ਕਿਸ਼ਤੀ ਪਲਟਣ ਕਾਰਨ 68 ਪ੍ਰਵਾਸੀਆਂ ਦੀ ਮੌਤ, 74 ਲਾਪਤਾ



ਯਮਨ ਦੇ ਤੱਟ ਨੇੜੇ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ। ਸਮੁੰਦਰ ਵਿੱਚ ਇੱਕ ਕਿਸ਼ਤੀ ਪਲਟਣ ਨਾਲ ਅਫਰੀਕਾ ਤੋਂ ਆਏ ਘੱਟੋ-ਘੱਟ 68 ਪ੍ਰਵਾਸੀਆਂ ਦੀ ਮੌਤ ਹੋ ਗਈ ਹੈ। ਸੰਯੁਕਤ ਰਾਸ਼ਟਰ ਪ੍ਰਵਾਸ ਏਜੰਸੀ ਨੇ ਕਿਹਾ ਕਿ ਇਸ ਘਟਨਾ ਵਿੱਚ 74 ਹੋਰ ਲੋਕ ਲਾਪਤਾ ਹਨ। ਯਮਨ ਵਿੱਚ ਅੰਤਰਰਾਸ਼ਟਰੀ ਪ੍ਰਵਾਸ ਸੰਗਠਨ ਦੇ ਮੁਖੀ ਅਬਦੁਸਤਾਰ ਅਸੋਵ ਨੇ ਦੱਸਿਆ ਕਿ 154 ਇਥੋਪੀਆਈ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਕਿਸ਼ਤੀ ਯਮਨ ਦੇ ਅਬਯਾਨ ਪ੍ਰਾਂਤ ਦੇ ਸਮੁੰਦਰੀ ਕੰਢੇ ਡੁੱਬ ਗਈ ਹੈ।

ਅਬਦੁਸਤਾਰ ਐਸੋਏਵ ਨੇ ਕਿਹਾ ਕਿ ਹਾਦਸੇ ਵਿੱਚ 12 ਪ੍ਰਵਾਸੀ ਬਚ ਗਏ ਹਨ। ਖਾਨਫਰ ਜ਼ਿਲ੍ਹੇ ਵਿੱਚ 54 ਪ੍ਰਵਾਸੀਆਂ ਦੀਆਂ ਲਾਸ਼ਾਂ ਕੰਢੇ 'ਤੇ ਆ ਗਈਆਂ। 14 ਹੋਰ ਇੱਕ ਵੱਖਰੇ ਸਥਾਨ 'ਤੇ ਮ੍ਰਿਤਕ ਪਾਏ ਗਏ। ਐਸੋਏਵ ਨੇ ਕਿਹਾ ਕਿ ਕਿਸ਼ਤੀ ਹਾਦਸੇ ਵਿੱਚ ਸਿਰਫ਼ 12 ਪ੍ਰਵਾਸੀ ਬਚੇ ਹਨ ਅਤੇ ਬਾਕੀ ਲਾਪਤਾ ਹਨ। ਲਾਪਤਾ ਲੋਕਾਂ ਨੂੰ ਮ੍ਰਿਤਕ ਮੰਨਿਆ ਗਿਆ ਹੈ।

ਇਹ ਧਿਆਨ ਦੇਣ ਯੋਗ ਹੈ ਕਿ, ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਚੱਲ ਰਹੇ ਘਰੇਲੂ ਯੁੱਧ ਦੇ ਬਾਵਜੂਦ, ਯਮਨ ਪੂਰਬੀ ਅਫਰੀਕਾ ਅਤੇ ਹੌਰਨ ਆਫ਼ ਅਫਰੀਕਾ ਤੋਂ ਪ੍ਰਵਾਸੀਆਂ ਲਈ ਕੰਮ ਲਈ ਖਾੜੀ ਅਰਬ ਦੇਸ਼ਾਂ ਤੱਕ ਪਹੁੰਚਣ ਦਾ ਇੱਕ ਪ੍ਰਮੁੱਖ ਰਸਤਾ ਬਣਿਆ ਹੋਇਆ ਹੈ। ਤਸਕਰ ਅਕਸਰ ਪ੍ਰਵਾਸੀਆਂ ਨੂੰ ਲਾਲ ਸਾਗਰ ਜਾਂ ਅਦਨ ਦੀ ਖਾੜੀ ਤੋਂ ਖਤਰਨਾਕ, ਭੀੜ-ਭੜੱਕੇ ਵਾਲੀਆਂ ਕਿਸ਼ਤੀਆਂ 'ਤੇ ਲੈ ਜਾਂਦੇ ਹਨ। ਯਮਨ ਵਿੱਚ ਵਾਪਰੀ ਇਹ ਘਟਨਾ ਪ੍ਰਵਾਸ ਸੰਕਟ ਦੀ ਗੰਭੀਰਤਾ ਨੂੰ ਉਜਾਗਰ ਕਰਦੀ ਹੈ।

# ਨਿਊਜ਼ੀਲੈਂਡ 'ਚ ਸੂਟਕੇਸ 'ਚੋਂ ਜ਼ਿੰਦਾ ਮਿਲੀ 2 ਸਾਲਾ ਬੱਚੀ, ਔਰਤ ਗ੍ਰਿਫ਼ਤਾਰ



ਵੈਲਿੰਗਟਨ: ਨਿਊਜ਼ੀਲੈਂਡ ਤੋਂ ਇੱਕ ਬਹੁਤ ਹੀ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਸੂਟਕੇਸ ਵਿੱਚੋਂ 2 ਸਾਲ ਦੀ ਬੱਚੀ ਦੇ ਜ਼ਿੰਦਾ ਮਿਲਣ ਤੋਂ ਬਾਅਦ ਇੱਕ ਔਰਤ ਨੂੰ ਬੱਚਿਆਂ ਦੀ ਅਣਗਹਿਲੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬੱਸ ਡਰਾਈਵਰ ਨੂੰ ਬੱਚੀ ਸਾਮਾਨ ਦੇ ਰੈਕ ਵਿੱਚ ਇੱਕ ਸੂਟਕੇਸ ਵਿੱਚ ਮਿਲੀ ਹੈ।

ਡਿਟੈਕਟਿਵ ਇੰਸਪੈਕਟਰ ਸਾਈਮਨ ਹੈਰੀਸਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਦੋਂ ਇੱਕ ਯਾਤਰੀ ਨੇ ਆਕਲੈਂਡ ਦੇ ਉੱਤਰ ਵਿੱਚ ਸਥਿਤ ਕਾਈਵਾਕਾ ਟਾਊਨਸ਼ਿਪ ਵਿੱਚ ਇੱਕ ਬੱਸ ਸਟਾਪ 'ਤੇ ਡਰਾਈਵਰ ਨੂੰ ਆਪਣਾ ਸਮਾਨ ਕੱਢਣ ਲਈ ਕਿਹਾ, ਤਾਂ ਉਸਨੇ ਬੈਗ ਦੇ ਅੰਦਰ ਹਰਕਤ ਦੇਖੀ। ਹੈਰੀਸਨ ਨੇ ਕਿਹਾ ਕਿ ਜਦੋਂ ਡਰਾਈਵਰ ਨੇ ਸੂਟਕੇਸ ਖੋਲ੍ਹਿਆ ਤਾਂ ਅੰਦਰ ਇੱਕ 2 ਸਾਲ ਦੀ ਬੱਚੀ ਸੀ ਅਤੇ ਉਸਦਾ ਸਰੀਰ ਸੜ ਰਿਹਾ ਸੀ, ਹਾਲਾਂਕਿ ਉਸਨੂੰ ਕੋਈ ਸੱਟ ਨਹੀਂ ਲੱਗੀ ਸੀ।

ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਬੱਚੀ ਨੂੰ ਸੂਟਕੇਸ ਵਿੱਚ ਕਿੰਨੇ ਸਮੇਂ ਤੋਂ ਬੰਦ ਰੱਖਿਆ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਉਸਨੂੰ ਹਸਪਤਾਲ ਲਿਜਾਇਆ ਗਿਆ ਅਤੇ ਐਤਵਾਰ ਰਾਤ ਤੱਕ ਸਥਾਨਿਕ ਸਮੇਂ ਅਨੁਸਾਰ ਉੱਥੇ ਹੀ ਰਹੀ। ਅਧਿਕਾਰੀਆਂ ਨੇ ਦੱਸਿਆ ਕਿ ਇਸ ਘਟਨਾ ਦੇ ਸਬੰਧ ਵਿੱਚ ਇੱਕ ਔਰਤ ਨੂੰ ਬਾਲ ਸ਼ੋਸ਼ਣ ਜਾਂ ਅਣਗਹਿਲੀ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਔਰਤ ਦਾ ਨਾਮ ਜਾਰੀ ਨਹੀਂ ਕੀਤਾ ਹੈ।

# ਅਮਰੀਕਾ-ਕੈਨੇਡਾ 'ਚ 6 ਭਾਰਤੀਆਂ ਨਾਲ ਅਣਹੋਣੀ

## ਵਿੰਨੀਪੈਗ ਵਿਖੇ ਨਵਜੋਤ ਸਿੰਘ ਦੀ ਅਚਨਚੇਤ ਮੌਤ



ਨਿਊਯਾਰਕ : ਕੈਨੇਡਾ ਅਤੇ ਆਸਟ੍ਰੇਲੀਆ ਵਿਚ ਪੰਜਾਬੀ ਨੌਜਵਾਨਾਂ ਨਾਲ ਅਣਹੋਣੀ ਦੇ ਲਗਾਤਾਰ ਸਾਹਮਣੇ ਆ ਰਹੇ ਮਾਮਲਿਆਂ ਦਰਮਿਆਨ ਵਿੰਨੀਪੈਗ ਵਿਖੇ ਨਵਜੋਤ ਸਿੰਘ ਦੀ 2 ਅਗਸਤ ਨੂੰ ਅਚਨਚੇਤ ਮੌਤ ਹੋ ਗਈ। ਬਰੈਂਪਟਨ ਦੇ ਜੁਪਿੰਦਰ ਸਿੰਘ ਟਿਵਾਣਾ ਅਤੇ ਹੋਰਨਾਂ ਵੱਲੋਂ ਨਵਜੋਤ ਸਿੰਘ ਦੀ ਦੇਹ ਪੰਜਾਬ ਭੇਜਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਪਰ ਮੌਤ ਦੇ ਕਾਰਨਾਂ ਬਾਰੇ ਵੇਰਵੇ ਸਾਂਝੇ ਨਹੀਂ ਕੀਤੇ ਗਏ। ਉਧਰ ਆਸਟ੍ਰੇਲੀਆ ਵਿਖੇ ਮਨਦੀਪ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਸਿਰਫ਼ ਛੇ ਮਹੀਨੇ ਪਹਿਲਾਂ ਹੀ ਮਨਦੀਪ ਸਿੰਘ ਦੇ ਪਿਤਾ ਦਾ ਦਿਹਾਂਤ ਹੋਇਆ ਅਤੇ ਹੁਣ ਪਰਵਾਰ ਵਿਚ ਪਿੱਛੇ ਮਾਤਾ ਅਤੇ ਭੈਣ ਰਹਿ ਗਈਆਂ ਹਨ।

ਮਨਦੀਪ ਸਿੰਘ ਦੇ ਦੋਸਤਾਂ ਵੱਲੋਂ ਉਸ ਦੀ ਦੇਹ ਪੰਜਾਬ ਭੇਜਣ ਲਈ ਗੋਫੰਡਮੀ ਪੇਜ ਸਥਾਪਤ ਕੀਤਾ ਗਿਆ ਹੈ। ਦੂਜੇ ਪਾਸੇ ਅਮਰੀਕਾ ਦੇ ਵੈਸਟ ਵਰਜੀਨੀਆ ਸਥਿਤ ਮੰਦਰ ਵਿਚ ਮੱਥਾ ਟੇਕਣ ਜਾ ਰਹੇ ਭਾਰਤੀ ਪਰਵਾਰ ਦੇ ਚਾਰ ਜੀਆਂ ਦੀ ਸੜਕ ਹਾਦਸੇ ਦੌਰਾਨ ਮੌਤ ਹੋਣ ਦੀ ਦੁਖਦ ਖ਼ਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਨਿਊ ਯਾਰਕ ਨਾਲ ਸਬੰਧਤ ਆਸ਼ਾ ਦੀਵਾਨ, ਕਿਸ਼ੋਰ ਦੀਵਾਨ, ਸ਼ੈਲੇਸ਼ ਦੀਵਾਨ ਅਤੇ ਗੀਤਾ ਦੀਵਾਨ ਦੀ ਗੱਡੀ ਬੇਕਾਬੂ ਹੋ ਕੇ ਇਕ ਡੂੰਘੀ ਖੱਡ ਵਿਚ ਜਾ ਡਿੱਗੀ ਅਤੇ ਚਾਰੇ ਜਣਿਆਂ ਨੇ ਮੌਕੇ 'ਤੇ ਹੀ ਦਮ ਤੋੜ ਦਿਤਾ। ਨਿਊ ਯਾਰਕ ਸੂਬੇ ਦੇ ਬਫ਼ਲੋ ਸ਼ਹਿਰ ਤੋਂ ਰਵਾਨਾ ਭਾਰਤੀ ਪਰਵਾਰ ਵੱਲੋਂ ਵੈਸਟ ਵਰਜੀਨੀਆ ਵਿਚ ਧਾਰਮਿਕ ਯਾਤਰਾ ਲਈ ਆਪਣੇ ਠਹਿਰਾਅ ਦਾ ਪ੍ਰਬੰਧ ਵੀ ਕੀਤਾ ਗਿਆ ਸੀ ਪਰ ਬੁਕਿੰਗ ਦੇ ਬਾਵਜੂਦ ਕੋਈ ਨਾ ਪੁੱਜਾ। ਮਾਰਸ਼ਲ ਕਾਊਂਟੀ ਦੇ ਸ਼ੈਰਿਫ਼ ਮਾਈਕ ਡੌਹਰਟੀ ਨੇ ਦੱਸਿਆ ਕਿ ਲਾਪਤਾ ਦੱਸੀ ਜਾ ਰਹੀ ਟੋਯੋਟਾ ਕੈਮਰੀ ਗੱਡੀ ਬਿੱਗ ਵ੍ਹੀਲੰਗ ਕ੍ਰੀਕ ਰੋਡ 'ਤੇ ਇਕ ਡੂੰਘੀ ਖੱਡ ਵਿਚ ਮਿਲੀ ਅਤੇ ਇਸ ਨੂੰ ਬਾਹਰ ਕੱਢਣ ਵਿਚ ਪੰਜ ਘੰਟੇ ਲੱਗ ਗਏ।

ਨਿਊ ਯਾਰਕ ਦੇ ਲਾਪਤਾ ਪਰਵਾਰ ਦੀਆਂ ਲਾਸ਼ਾਂ ਮਿਲੀਆਂ

ਹਾਦਸੇ ਦੇ ਕਾਰਨਾਂ ਬਾਰੇ ਫ਼ਿਲਹਾਲ ਪਤਾ ਨਹੀਂ ਲੱਗ ਸਕਿਆ ਪਰ ਮੰਨਿਆ ਜਾ ਰਿਹਾ ਹੈ ਕਿ ਕਿਸੇ ਹੋਰ ਗੱਡੀ ਨਾਲ ਟੱਕਰ ਮਗਰੋਂ ਟੋਯੋਟਾ ਕੈਮਰੀ ਬੇਕਾਬੂ ਹੋ ਗਈ ਅਤੇ ਖੱਡ ਵਿਚ ਜਾ ਡਿੱਗੀ। ਦੱਸ ਦੇਈਏ ਕਿ ਦੀਵਾਨ ਪਰਵਾਰ ਦੇ ਬਜ਼ੁਰਗ ਜੀਆਂ ਨੂੰ ਆਖਰੀ ਵਾਰ ਪੈਨਸਿਲਵੇਨੀਆ ਸੂਬੇ ਦੇ ਐਰੀ ਕਸਬੇ ਦੀ ਪੀਚ ਸਟ੍ਰੀਟ ਵਿਖੇ ਛੇ ਦਿਨ ਪਹਿਲਾਂ ਦੇਖਿਆ ਗਿਆ। ਬਰਗਰ ਕਿੰਗ ਰੈਸਟੋਰੈਂਟ ਦੀ ਸੀ.ਸੀ.ਟੀ.ਵੀ. ਫੁਟੇਜ ਵਿਚ ਪਰਵਾਰ ਦੇ ਦੋ ਮੈਂਬਰਾਂ ਨੂੰ ਅੰਦਰ ਜਾਂਦਿਆ ਦੇਖਿਆ ਗਿਆ ਜਦਕਿ ਕ੍ਰੈਡਿਟ ਕਾਰਡ ਨਾਲ ਬਿਲ ਅਦਾ ਕਰਨ ਅਤੇ ਬਾਹਰ ਆਉਣ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ। ਇਸ ਮਗਰੋਂ ਉਨ੍ਹਾਂ ਦੀ ਗੱਡੀ ਇੰਟਰਸਟੇਟ-79 'ਤੇ ਨਜ਼ਰ ਆਈ ਜਦੋਂ ਉਹ ਪਿਟਸਬਰਗ ਵੱਲ ਜਾ ਰਹੇ ਸਨ ਅਤੇ ਇਸ ਤੋਂ ਬਾਅਦ ਉਨ੍ਹਾਂ ਨੇ ਵੈਸਟ ਵਰਜੀਨੀਆ ਦੇ ਮਾਉਂਡਜ਼ਵਿਲ ਵਿਖੇ ਸਥਿਤ ਮੰਦਰ ਵਿਚ ਜਾਣਾ ਸੀ। ਭਾਰਤੀ ਪਰਵਾਰ ਦੀ ਕਈ ਦਿਨ ਤੱਕ ਕੋਈ ਉਘ-ਸੁੱਘ ਨਾ ਲੱਗਣ 'ਤੇ ਨਿਊ ਯਾਰਕ ਦੇ ਵਿਲੀਅਮਜ਼ਵਿਲ ਨਾਲ ਸਬੰਧਤ ਕੌਂਸਲ ਆਫ਼ ਹੈਰੀਟੇਜ ਐਂਡ ਆਰਟਸ ਆਫ਼ ਇੰਡੀਆ ਜਥੇਬੰਦੀ ਵੱਲੋਂ ਆਪਣੇ ਪੱਧਰ 'ਤੇ ਵੀ ਭਾਲ ਸ਼ੁਰੂ ਕੀਤੀ ਗਈ।

# ਰੂਸ ਅਤੇ ਅਮਰੀਕਾ ਵਿਚਾਲੇ ਵਧਿਆ ਤਣਾਅ

## ਟਰੰਪ ਨੇ ਪ੍ਰਮਾਣੂ ਪਣਡੁੱਬੀਆਂ ਤਾਇਨਾਤ ਕਰਨ ਦਾ ਦਿੱਤਾ ਹੁਕਮ

ਮਾਸਕੋ: ਜਿੱਥੇ ਇੱਕ ਪਾਸੇ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਜਾਰੀ ਹੈ, ਉੱਥੇ ਦੂਜੇ ਪਾਸੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇੱਕ ਵੱਡਾ ਕਦਮ ਚੁੱਕਿਆ ਹੈ। ਰੂਸ ਨੇ ਐਲਾਨ ਕੀਤਾ ਹੈ ਕਿ ਉਹ ਦਰਮਿਆਨੀ ਦੂਰੀ ਦੀਆਂ ਮਿਜ਼ਾਈਲਾਂ ਦੀ ਤਾਇਨਾਤੀ 'ਤੇ ਸਵੈ-ਲੱਗੀ ਪਾਬੰਦੀ ਤੋਂ ਪਿੱਛੇ ਹਟ ਰਿਹਾ ਹੈ। ਇਹ ਕਦਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਰੂਸੀ ਤੱਟ ਦੇ ਨੇੜੇ ਦੋ ਅਮਰੀਕੀ ਪ੍ਰਮਾਣੂ ਪਣਡੁੱਬੀਆਂ ਤਾਇਨਾਤ ਕਰਨ ਦੇ ਹੁਕਮ ਤੋਂ ਬਾਅਦ ਚੁੱਕਿਆ ਗਿਆ ਹੈ। ਇਸ ਸਮੇਂ ਸਥਿਤੀ ਅਜਿਹੀ ਹੈ ਕਿ ਸ਼ੀਤ ਯੁੱਧ ਦੇ ਯੁੱਗ ਦੇ ਦੋ ਵਿਰੋਧੀਆਂ ਵਿਚਕਾਰ ਤਣਾਅ ਵਧਦਾ ਜਾਪਦਾ ਹੈ।

ਰੂਸੀ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, "ਰੂਸ ਹੁਣ ਦਰਮਿਆਨੀ ਅਤੇ ਛੋਟੀ ਦੂਰੀ ਦੀਆਂ ਮਿਜ਼ਾਈਲਾਂ (INF) ਦੀ ਤਾਇਨਾਤੀ 'ਤੇ ਆਪਣੀਆਂ ਖੁਦ ਦੀਆਂ ਪਾਬੰਦੀਆਂ ਨਾਲ ਬੰਨ੍ਹਿਆ ਨਹੀਂ ਹੈ, ਕਿਉਂਕਿ ਇਸ ਪਾਬੰਦੀ ਨੂੰ ਬਣਾਈ ਰੱਖਣ ਦੀਆਂ ਸ਼ਰਤਾਂ ਖਤਮ ਹੋ ਗਈਆਂ ਹਨ।" ਇਸ ਤੋਂ ਪਹਿਲਾਂ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡਾ ਫੈਸਲਾ ਲੈਂਦੇ ਹੋਏ ਐਲਾਨ ਕੀਤਾ ਕਿ ਉਨ੍ਹਾਂ ਨੇ ਰੂਸ ਦੇ ਨੇੜੇ ਦੇ ਇਲਾਕਿਆਂ ਵਿੱਚ ਦੋ ਪ੍ਰਮਾਣੂ ਪਣਡੁੱਬੀਆਂ ਤਾਇਨਾਤ ਕਰਨ ਦਾ ਹੁਕਮ ਦਿੱਤਾ ਹੈ। ਮੇਦਵੇਦੇਵ ਨੇ ਹਾਲ ਹੀ ਵਿੱਚ ਟਰੰਪ ਨੂੰ ਸਿੱਧਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਕਿਹਾ, 'ਹਰ ਅਲਟੀਮੇਟਮ ਅਮਰੀਕਾ ਨਾਲ ਜੰਗ ਵੱਲ ਇੱਕ ਕਦਮ ਹੈ। ਰੂਸ ਇਜ਼ਰਾਈਲ ਜਾਂ ਈਰਾਨ ਨਹੀਂ ਹੈ ਜੋ ਚੁੱਪ ਰਹੇਗਾ। ਟਰੰਪ ਨੂੰ 'ਸਲੀਪੀ' (ਜੋਅ ਬਾਇਡਨ) ਵਰਗਾ ਨਹੀਂ ਬਣਨਾ ਚਾਹੀਦਾ।'

ਰੂਸ ਅਤੇ ਅਮਰੀਕਾ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ, ਰੂਸੀ ਫੌਜ ਲਗਾਤਾਰ ਯੂਕਰੇਨ 'ਤੇ ਹਮਲਾ ਕਰ ਰਹੀ ਹੈ। ਹਾਲ ਹੀ ਵਿੱਚ, ਰੂਸ ਨੇ ਯੂਕਰੇਨ ਦੀ ਰਾਜਧਾਨੀ ਕੀਵ 'ਤੇ ਭਿਆਨਕ ਹਮਲੇ ਕੀਤੇ ਹਨ। ਰੂਸ ਦੇ ਇਨ੍ਹਾਂ ਹਮਲਿਆਂ ਤੋਂ ਬਾਅਦ, ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਜ਼ੇਲੇਂਸਕੀ ਨੇ ਕਿਹਾ ਸੀ ਕਿ ਦੁਨੀਆ ਨੂੰ ਇਨ੍ਹਾਂ ਹਮਲਿਆਂ ਬਾਰੇ ਚੁੱਪ ਨਹੀਂ ਰਹਿਣਾ ਚਾਹੀਦਾ। ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਾਡੇ ਲੋਕਾਂ ਦਾ ਸਮਰਥਨ ਕੀਤਾ ਹੈ।

# ਟਰੰਪ ਦਾ ਨਵਾਂ ਕਾਨੂੰਨ: ਹੁਣ ਅਮਰੀਕੀ ਵੀਜ਼ਾ ਲਗਵਾਉਣ ਲਈ ਜਮ੍ਹਾ ਕਰਨਾ ਪਵੇਗਾ ਐਨਾ ਬਾਂਡ




ਵਾਸ਼ਿੰਗਟਨ: ਅਮਰੀਕਾ ਅਗਲੇ ਦੋ ਹਫਤਿਆਂ ਵਿੱਚ ਇੱਕ ਨਵਾਂ ਪਾਇਲਟ ਪ੍ਰੋਗਰਾਮ ਸ਼ੁਰੂ ਕਰਨ ਜਾ ਰਿਹਾ ਹੈ, ਜਿਸ ਅਧੀਨ ਕੁਝ ਦੇਸ਼ਾਂ ਦੇ ਲੋਕਾਂ ਨੂੰ ਟੂਰਿਸਟ ਜਾਂ ਬਿਜ਼ਨਸ ਵੀਜ਼ਾ ਲਈ 5,000 ਤੋਂ 15,000 ਡਾਲਰ (ਲਗਭਗ 4 ਲੱਖ ਤੋਂ 13 ਲੱਖ ਰੁਪਏ) ਦਾ ਬਾਂਡ ਜਮ੍ਹਾ ਕਰਨਾ ਪਵੇਗਾ। ਇਸ ਦਾ ਮਕਸਦ ਵੀਜ਼ਾ ਮਿਆਦ ਤੋਂ ਵੱਧ ਸਮਾਂ ਅਮਰੀਕਾ ਵਿੱਚ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ 'ਤੇ ਨਕੇਲ ਕੱਸਣਾ ਹੈ। ਜੇਕਰ ਕੋਈ ਵਿਅਕਤੀ ਵੀਜ਼ਾ ਮਿਆਦ ਤੋਂ ਵੱਧ ਸਮਾਂ ਅਮਰੀਕਾ ਵਿੱਚ ਰਹਿੰਦਾ ਹੈ, ਤਾਂ ਜਮ੍ਹਾ ਕੀਤੀ ਰਕਮ ਅਮਰੀਕੀ ਸਰਕਾਰ ਜ਼ਬਤ ਕਰ ਲਵੇਗੀ।

ਫੈਡਰਲ ਰਜਿਸਟਰ ਨੋਟਿਸ ਮੁਤਾਬਕ, ਇਹ ਪ੍ਰੋਗਰਾਮ ਅਮਰੀਕੀ ਕੌਂਸਲਰ ਅਧਿਕਾਰੀਆਂ ਨੂੰ ਉਨ੍ਹਾਂ ਦੇਸ਼ਾਂ ਦੇ ਲੋਕਾਂ 'ਤੇ ਬਾਂਡ ਲਗਾਉਣ ਦਾ ਅਧਿਕਾਰ ਦਿੰਦਾ ਹੈ, ਜਿੱਥੇ ਵੀਜ਼ਾ ਉਲੰਘਣ ਦੀ ਦਰ ਜ਼ਿਆਦਾ ਹੈ ਜਾਂ ਜਿੱਥੇ ਸਕ੍ਰੀਨਿੰਗ ਅਤੇ ਜਾਂਚ ਦੀ ਜਾਣਕਾਰੀ ਨਾਕਾਫੀ ਮਿਲਦੀ ਹੈ। ਇਹ ਨਿਯਮ 20 ਅਗਸਤ 2025 ਤੋਂ ਲਾਗੂ ਹੋਵੇਗਾ ਅਤੇ ਲਗਭਗ ਇੱਕ ਸਾਲ ਤੱਕ ਚੱਲੇਗਾ। ਕੌਂਸਲਰ ਅਧਿਕਾਰੀਆਂ ਕੋਲ ਵੀਜ਼ਾ ਅਰਜ਼ੀਦਾਰਾਂ ਲਈ 5,000, 10,000, ਜਾਂ 15,000 ਡਾਲਰ ਬਾਂਡ ਦੇ ਤਿੰਨ ਵਿਕਲਪ ਹੋਣਗੇ, ਪਰ ਆਮ ਤੌਰ 'ਤੇ ਘੱਟੋ-ਘੱਟ 10,000 ਡਾਲਰ ਦਾ ਬਾਂਡ ਜ਼ਰੂਰੀ ਹੋਵੇਗਾ।

ਨੋਟਿਸ ਮੁਤਾਬਕ, ਜੇਕਰ ਯਾਤਰੀ ਵੀਜ਼ਾ ਸ਼ਰਤਾਂ ਅਨੁਸਾਰ ਸਹੀ ਸਮੇਂ 'ਤੇ ਅਮਰੀਕਾ ਤੋਂ ਵਾਪਸ ਪਰਤਦਾ ਹੈ, ਤਾਂ ਬਾਂਡ ਦੀ ਰਕਮ ਵਾਪਸ ਕਰ ਦਿੱਤੀ ਜਾਵੇਗੀ। ਨਵੰਬਰ 2020 ਵਿੱਚ ਵੀ ਅਜਿਹਾ ਹੀ ਇੱਕ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ, ਪਰ ਕੋਰੋਨਾ ਮਹਾਮਾਰੀ ਕਾਰਨ ਗਲੋਬਲ ਯਾਤਰਾ ਵਿੱਚ ਘਾਟ ਦੇ ਚੱਲਦੇ ਇਸ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਿਆ। ਅਮਰੀਕੀ ਵਿਦੇਸ਼ ਵਿਭਾਗ ਨੇ ਇਸ ਬਦਲਾਅ ਨਾਲ ਪ੍ਰਭਾਵਿਤ ਹੋਣ ਵਾਲੇ ਅਰਜ਼ੀਦਾਰਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣ ਵਿੱਚ ਅਸਮਰੱਥਤਾ ਜਤਾਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਯਾਤਰਾ ਪਾਬੰਦੀਆਂ ਦੇ ਨਿਸ਼ਾਨੇ 'ਤੇ ਆਏ ਕਈ ਦੇਸ਼ਾਂ, ਜਿਵੇਂ ਕਿ ਚਾਡ, ਇਰੀਟਰੀਆ, ਹੈਤੀ, ਮਿਆਂਮਾਰ, ਅਤੇ ਯਮਨ ਵਿੱਚ ਵੀਜ਼ਾ ਮਿਆਦ ਤੋਂ ਵੱਧ ਸਮਾਂ ਰੁਕਣ ਦੀ ਦਰ ਵਧੇਰੇ ਹੈ। ਯੂਐਸ ਟਰੈਵਲ ਐਸੋਸੀਏਸ਼ਨ ਮੁਤਾਬਕ, ਇਸ ਪ੍ਰੋਗਰਾਮ ਦਾ ਦਾਇਰਾ ਸੀਮਤ ਜਾਪਦਾ ਹੈ ਅਤੇ ਲਗਭਗ 2,000 ਅਰਜ਼ੀਦਾਰ ਪ੍ਰਭਾਵਿਤ ਹੋ ਸਕਦੇ ਹਨ। ਵਿੱਤੀ ਸਾਲ 2023 ਦੇ ਅਮਰੀਕੀ ਸੀਮਾ ਸ਼ੁਲਕ ਅਤੇ ਸੀਮਾ ਸੁਰੱਖਿਆ ਡੇਟਾ ਅਨੁਸਾਰ, ਬੁਰੁੰਡੀ, ਜਿਬੂਤੀ, ਅਤੇ ਟੋਗੋ ਸਮੇਤ ਅਫਰੀਕਾ ਦੇ ਕਈ ਦੇਸ਼ਾਂ ਦੇ ਲੋਕਾਂ ਵਿੱਚ ਵੀ ਵੀਜ਼ਾ ਮਿਆਦ ਤੋਂ ਵੱਧ ਸਮਾਂ ਰੁਕਣ ਦੀ ਦਰ ਸੀ।

# 1993 ਤਰਨਤਾਰਨ ਫਰਜ਼ੀ ਮੁਕਾਬਲੇ 'ਚ ਤਤਕਾਲੀ SSP, DSP ਸਮੇਤ 5 ਦੋਸ਼ੀਆਂ ਨੂੰ ਸਜ਼ਾ



ਮੋਹਾਲੀ: ਮੋਹਾਲੀ ਦੀ ਸੀ.ਬੀ.ਆਈ. ਵਿਸ਼ੇਸ਼ ਅਦਾਲਤ ਨੇ 1993 ਵਿੱਚ ਪੁਲਿਸ ਅਧਿਕਾਰੀਆਂ ਵੱਲੋਂ ਦੋ ਫਰਜ਼ੀ ਮੁਕਾਬਲਿਆਂ ਵਿੱਚ ਪੰਜ ਨੌਜਵਾਨਾਂ ਦੇ ਕਤਲ ਮਾਮਲੇ ਵਿੱਚ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਪਹਿਲੇ ਮਾਮਲੇ ਵਿੱਚ, 27 ਜੂਨ 1993 ਨੂੰ ਸਵੇਰੇ ਇੰਸਪੈਕਟਰ ਗੁਰਦੇਵ ਸਿੰਘ ਦੀ ਅਗਵਾਈ ਵਾਲੀ ਪੁਲਿਸ ਟੀਮ ਨੇ ਐਸ.ਪੀ.ਓ. ਸ਼ਿੰਦਰ ਸਿੰਘ, ਦੇਸਾ ਸਿੰਘ, ਸੁਖਦੇਵ ਸਿੰਘ ਅਤੇ ਬਲਕਾਰ ਸਿੰਘ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਰਾਣੀ ਵਾਲਾ ਤੋਂ ਚੁੱਕਿਆ। ਬਾਅਦ ਵਿੱਚ, ਡੀ.ਐਸ.ਪੀ. ਭੁਪਿੰਦਰ ਸਿੰਘ ਅਤੇ ਸਰਹਾਲੀ ਥਾਣੇ ਦੀ ਟੀਮ ਨੇ 12 ਜੁਲਾਈ ਨੂੰ ਸ਼ਿੰਦਰ ਸਿੰਘ, ਦੇਸਾ ਸਿੰਘ ਅਤੇ ਸੁਖਦੇਵ ਸਿੰਘ ਨੂੰ ਫਰਜ਼ੀ ਮੁਕਾਬਲੇ ਵਿੱਚ ਮਾਰ ਦਿੱਤਾ।

ਦੂਜੇ ਮਾਮਲੇ ਵਿੱਚ, ਵੈਰੋਵਾਲ ਥਾਣੇ ਦੀ ਪੁਲਿਸ ਟੀਮ, ਜਿਸ ਦੀ ਅਗਵਾਈ ਇੰਸਪੈਕਟਰ ਰਘੁਬੀਰ ਸਿੰਘ ਅਤੇ ਸੂਬਾ ਸਿੰਘ ਨੇ ਕੀਤੀ, ਨੇ 28 ਜੁਲਾਈ ਨੂੰ ਹਰਵਿੰਦਰ ਸਿੰਘ ਅਤੇ ਸਰਬਜੀਤ ਸਿੰਘ ਸੱਬਾ ਨੂੰ ਫਰਜ਼ੀ ਮੁਕਾਬਲੇ ਵਿੱਚ ਮਾਰਿਆ। ਮੋਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਡੀ.ਐਸ.ਪੀ. ਭੁਪਿੰਦਰ ਸਿੰਘ, ਇੰਸਪੈਕਟਰ ਰਘੁਬੀਰ ਸਿੰਘ, ਸੂਬਾ ਸਿੰਘ, ਏ.ਐਸ.ਆਈ. ਦੇਵਿੰਦਰ ਸਿੰਘ ਅਤੇ ਗੁਲਬਰਗ ਸਿੰਘ ਨੂੰ ਆਈ.ਪੀ.ਸੀ. ਦੀਆਂ ਧਾਰਾਵਾਂ 302, 218, 201 ਅਤੇ 120-ਬੀ ਅਧੀਨ ਦੋਸ਼ੀ ਕਰਾਰ ਦਿੱਤਾ। ਇਸ ਕੇਸ ਵਿੱਚ ਕੁੱਲ 10 ਪੁਲਿਸ ਅਧਿਕਾਰੀ ਨਾਮਜ਼ਦ ਸਨ, ਪਰ ਬਾਕੀ ਪੰਜ ਦੀ ਮੌਤ ਹੋ ਜਾਣ ਕਾਰਨ ਉਨ੍ਹਾਂ ਖ਼ਿਲਾਫ਼ ਕਾਰਵਾਈ ਨਹੀਂ ਹੋ ਸਕੀ।

### 7 ਨੌਜਵਾਨਾਂ ਦਾ ਫਰਜ਼ੀ ਮੁਕਾਬਲਾ

ਬਚਾਅ ਪੱਖ ਦੇ ਵਕੀਲਾਂ ਮੁਤਾਬਕ, 1993 ਵਿੱਚ ਪੁਲਿਸ ਨੇ 7 ਨੌਜਵਾਨਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਚੁੱਕ ਕੇ ਗੈਰ-ਕਾਨੂੰਨੀ ਹਿਰਾਸਤ ਵਿੱਚ ਲਿਆ, ਤਸੀਹੇ ਦਿੱਤੇ ਅਤੇ ਬਾਅਦ ਵਿੱਚ ਤਰਨਤਾਰਨ ਦੇ ਸਰਹਾਲੀ ਅਤੇ ਵੈਰੋਵਾਲ ਥਾਣਿਆਂ ਵਿੱਚ ਦਰਜ ਦੋ ਝੂਠੇ ਮੁਕਾਬਲਿਆਂ ਵਿੱਚ ਮਾਰੇ ਗਏ ਵਜੋਂ ਦਿਖਾਇਆ। ਪੀੜਤਾਂ ਵਿੱਚ ਚਾਰ ਵਿਸ਼ੇਸ਼ ਪੁਲਿਸ ਅਧਿਕਾਰੀ (ਐਸ.ਪੀ.ਓ.) ਸਨ, ਜੋ ਪੰਜਾਬ ਸਰਕਾਰ ਨਾਲ ਕੰਮ ਕਰ ਰਹੇ ਸਨ, ਪਰ ਪੁਲਿਸ ਨੇ ਉਨ੍ਹਾਂ ਨੂੰ ਅੱਤਵਾਦੀ ਕਰਾਰ ਦੇ ਕੇ ਮਾਰ ਦਿੱਤਾ। ਪੁਲਿਸ ਦੇ ਬਿਰਤਾਂਤ ਅਨੁਸਾਰ, ਇੱਕ ਮਾਮਲੇ ਵਿੱਚ ਮੰਗਲ ਸਿੰਘ ਨਾਮਕ ਸ਼ੱਕੀ ਨੂੰ ਰਿਕਵਰੀ ਲਈ ਲਿਜਾਇਆ ਜਾ ਰਿਹਾ ਸੀ, ਜਦੋਂ ਉਸ ਦੇ ਸਾਥੀਆਂ ਨੇ ਪੁਲਿਸ ਪਾਰਟੀ 'ਤੇ ਹਮਲਾ ਕੀਤਾ, ਜਿਸ ਵਿੱਚ ਜਵਾਬੀ ਕਾਰਵਾਈ ਦੌਰਾਨ ਤਿੰਨ ਵਿਅਕਤੀ ਮਾਰੇ ਗਏ। ਦੂਜੇ ਮਾਮਲੇ ਵਿੱਚ, ਪੁਲਿਸ ਨੇ ਇੱਕ ਨਾਕੇ 'ਤੇ ਸਮੂਹ ਵੱਲੋਂ ਨਾ ਰੁਕਣ ਕਾਰਨ ਗੋਲੀਬਾਰੀ ਦਾ ਦਾਅਵਾ ਕੀਤਾ, ਜਿਸ ਵਿੱਚ ਤਿੰਨ ਹੋਰ ਵਿਅਕਤੀ ਮਾਰੇ ਗਏ। ਪਰ ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਸਾਰੀਆਂ ਕਹਾਣੀਆਂ ਝੂਠੀਆਂ ਸਨ ਅਤੇ ਪੀੜਤ ਪਹਿਲਾਂ ਹੀ ਗੈਰ-ਕਾਨੂੰਨੀ ਹਿਰਾਸਤ ਵਿੱਚ ਸਨ।

ਸੁਪਰੀਮ ਕੋਰਟ ਦੇ ਹੁਕਮਾਂ 'ਤੇ, ਕੇਸ ਸੀ.ਬੀ.ਆਈ. ਨੂੰ ਸੌਂਪਿਆ ਗਿਆ। ਏਜੰਸੀ ਨੇ 10 ਪੁਲਿਸ ਅਧਿਕਾਰੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ, ਪਰ ਮੁਕੱਦਮੇ ਦੌਰਾਨ ਪੰਜ ਅਧਿਕਾਰੀਆਂ ਦੀ ਮੌਤ ਹੋ ਗਈ। ਪੀੜਤ ਪਰਿਵਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਨਾ ਤਾਂ ਲਾਸ਼ਾਂ ਸੌਂਪੀਆਂ ਗਈਆਂ, ਨਾ ਹੀ ਮੌਤਾਂ ਬਾਰੇ ਅਧਿਕਾਰਤ ਸੂਚਨਾ ਦਿੱਤੀ ਗਈ। ਅੰਤਿਮ ਸੰਸਕਾਰ ਲਈ ਅਸਥੀਆਂ ਵੀ ਨਹੀਂ ਮਿਲੀਆਂ ਅਤੇ ਪੁਲਿਸ ਨੇ ਉਨ੍ਹਾਂ ਦੇ ਘਰਾਂ ਵਿੱਚ ਧਾਰਮਿਕ ਰਸਮਾਂ ਦੀ ਇਜਾਜ਼ਤ ਵੀ ਨਹੀਂ ਦਿੱਤੀ।

# ਸ਼ਿਮਲਾ ਵਿੱਚ ਫਟਿਆ ਬੱਦਲ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ



ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਜ਼ਿਲ੍ਹੇ ਵਿੱਚ ਬੁੱਧਵਾਰ ਰਾਤ 10:15 ਵਜੇ ਫਿਰ ਬੱਦਲ ਫਟਿਆ। ਇਸ ਨਾਲ ਤਕਲੇਚ ਬਾਜ਼ਾਰ ਵਿੱਚ ਹਫੜਾ-ਦਫੜੀ ਮਚ ਗਈ। ਬੱਦਲ ਫਟਣ ਤੋਂ ਬਾਅਦ ਨੋਗਲੀ ਨਾਲੇ ਵਿੱਚ ਹੜ੍ਹ ਆ ਗਿਆ। ਇਸ ਤੋਂ ਬਾਅਦ ਨੀਵੇਂ ਇਲਾਕਿਆਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਗਿਆ। ਇਹ ਘਟਨਾ ਰਾਮਪੁਰ ਦੇ ਦਰਸ਼ਾਲ ਇਲਾਕੇ ਵਿੱਚ ਵਾਪਰੀ। ਹਾਲਾਂਕਿ, ਹੁਣ ਤੱਕ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ।

ਪਹਾੜਾਂ ਵਿੱਚ ਭਾਰੀ ਮੀਂਹ ਕਾਰਨ ਸਤਲੁਜ ਦਰਿਆ ਦਾ ਪਾਣੀ ਦਾ ਪੱਧਰ ਤੇਜ਼ੀ ਨਾਲ ਵੱਧ ਰਿਹਾ ਹੈ। ਇਸ ਕਾਰਨ ਬਿਲਾਸਪੁਰ ਵਿੱਚ ਸਤਲੁਜ ਦਰਿਆ 'ਤੇ ਬਣੇ ਕੋਲ ਡੈਮ ਤੋਂ 24 ਘੰਟਿਆਂ ਦੇ ਅੰਦਰ ਤੀਜੀ ਵਾਰ ਪਾਣੀ ਛੱਡਿਆ ਗਿਆ। ਕੋਲ ਡੈਮ ਪ੍ਰਬੰਧਨ ਨੇ ਅੱਜ (ਵੀਰਵਾਰ) ਸਵੇਰੇ 7:30 ਵਜੇ ਪਾਣੀ ਛੱਡਣ ਦੀ ਚੇਤਾਵਨੀ ਜਾਰੀ ਕੀਤੀ ਸੀ।

ਇਸ ਕਾਰਨ ਸਤਲੁਜ ਦੇ ਪਾਣੀ ਦਾ ਪੱਧਰ 4 ਤੋਂ 5 ਮੀਟਰ ਵਧਣ ਦੀ ਸੰਭਾਵਨਾ ਹੈ। ਇਸ ਦੇ ਮੱਦੇਨਜ਼ਰ ਪੰਜਾਬ ਦੇ ਲੋਕਾਂ ਨੂੰ ਸੁਚੇਤ ਰਹਿਣ ਲਈ ਕਿਹਾ ਗਿਆ ਹੈ। ਬੁੱਧਵਾਰ ਨੂੰ ਵੀ ਸਵੇਰੇ ਅਤੇ ਸ਼ਾਮ ਦੋ ਵਾਰ ਪਾਣੀ ਛੱਡਿਆ ਗਿਆ।

ਇਸ ਦੇ ਨਾਲ ਹੀ, ਚੰਡੀਗੜ੍ਹ ਹਾਈਵੇਅ ਜ਼ਮੀਨ ਖਿਸਕਣ ਕਾਰਨ ਲਗਭਗ 36 ਘੰਟਿਆਂ ਲਈ ਬੰਦ ਹੈ। ਇਸ ਮਾਨਸੂਨ ਸੀਜ਼ਨ ਵਿੱਚ ਬੱਦਲ ਫਟਣ ਅਤੇ ਹੜ੍ਹਾਂ ਕਾਰਨ ਹੁਣ ਤੱਕ 199 ਲੋਕਾਂ ਦੀ ਮੌਤ ਹੋ ਚੁੱਕੀ ਹੈ।






# ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਨੂੰ ਦੌੜਾਕਾਂ ਨੇ 5 ਕਿਲੋਮੀਟਰ ਦੌੜ ਕੇ ਭੇਟ ਕੀਤੀ ਭਾਵਨਾਤਮਿਕ ਸ਼ਰਧਾਂਜਲੀ



ਬਰੈਂਪਟਨ, (ਡਾ. ਝੰਡ) – ਮੈਰਾਥਨ ਦੌੜਾਕ ਸ. ਫ਼ੌਜਾ ਸਿੰਘ ਨੂੰ ਯਾਦ ਕਰਦਿਆਂ ਲੰਘੇ ਐਤਵਾਰ 3 ਅਗਸਤ ਨੂੰ ਬਰੈਂਪਟਨ ਦੀ ਟੀ.ਪੀ.ਏ.ਆਰ. ਕਲੱਬ ਤੇ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿੱਚ 5 ਕਿਲੋਮੀਟਰ ਦੌੜ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜਿੱਥੇ ਟੀਪੀਏਆਰ ਕਲੱਬ ਦੇ ਮੈਂਬਰ, ਨੌਜੁਆਨ, ਮਰਦ, ਇਸਤਰੀਆਂ ਤੇ ਬਜ਼ੁਰਗ ਇਸ ਦੌੜ ਵਿੱਚ ਸ਼ਾਮਲ ਹੋਏ, ਉੱਥੇ ਬੱਚਿਆਂ ਨੇ ਵੀ ਇਸ ਦੌੜ ਵਿੱਚ ਵੱਧ-ਚੜ੍ਹ ਕੇ ਭਾਗ ਲਿਆ ਜਿਨ੍ਹਾਂ ਵਿੱਚ 4-5 ਸਾਲ ਤੋਂ ਲੈ ਕੇ 10-12 ਸਾਲ ਦੇ ਬੱਚੇ ਸ਼ਾਮਲ ਸਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਈਵੈਂਟ ਵਿੱਚ ਸ਼ਾਮਲ ਹੋਣ ਲਈ ਸਕਾਰਬਰੋ ਤੋਂ ਦੌੜਾਕਾਂ ਤੇ ਵਾਲੰਟੀਅਰਾਂ ਦੀ ਭਰੀ ਹੋਈ ਬੱਸ ਸਵੇਰੇ 9.30 ਵਜੇ ਚਿੰਗੂਆਕੂਜ਼ੀ ਪਾਰਕ ਵਿੱਚ ਪਹੁੰਚ ਗਈ। ਮੈਰਾਥਨ ਦੌੜਾਕ 114 ਸਾਲਾ ਬਾਬਾ ਫ਼ੌਜਾ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਇਹ ਨਿਵੇਕਲਾ ਤੇ ਅਤੀ ਉਤਸ਼ਾਹੀ ਤਰੀਕਾ ਸੀ ਜਿਸ ਵਿੱਚ ਹਰੇਕ ਵਰਗ ਦੇ ਲੋਕਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। 5 ਕਿਲੋਮੀਟਰ ਦੌੜ ਦਾ ਇਹ ਈਵੈਂਟ ਚਿੰਗੂਆਕੂਜ਼ੀ ਪਾਰਕ ਵਿੱਵ ਸਵੇਰੇ 10.00 ਆਰੰਭ ਹੋਇਆ ਇਸ ਈਵੈਂਟ ਦਾ ਮਕਸਦ ਨਾ ਕੇਵਲ ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਨੂੰ ਭਾਵਪੂਰਤ ਸ਼ਰਧਾਂਜਲੀ ਅਰਪਨ ਕਰਨਾ ਹੀ ਸੀ, ਸਗੋਂ ਇਸ ਦਾ ਉਦੇਸ਼ ਲੋਕਾਂ ਨਾਲ ਉਨ੍ਹਾਂ ਦੀ ਮੈਰਾਥਨ ਦੌੜਾਕੀ ਦੇ ਲੰਮੇਂ ਤੇ ਵਿਲੱਖਣ ਸਫ਼ਰ ਅਤੇ ਮਨੁੱਖੀ ਕਦਰਾਂ- ਕੀਮਤਾਂ ਦੇ ਮਾਰਗ ਬਾਰੇ ਸਾਂਝੀ ਕਰਨਾ ਸੀ ਜਿਸ ਵਿੱਚ ਪ੍ਰਬੰਧਕ ਪੂਰੀ ਤਰ੍ਹਾਂ ਸਫ਼ਲ ਹੋਏ। ਦੌੜ ਦੇ ਇਸ ਈਵੈਂਟ ਵਿੱਚ 100 ਤੋਂ ਵਧੇਰੇ ਦੌੜਾਕ ਤੇ ਵਾੱਕਰ ਸ਼ਾਮਲ ਹੋਏ ਜਿਨ੍ਹਾਂ ਵਿੱਚ ਅੱਧੇ ਤੋਂ ਵੱਧ ਬਰੈਂਪਟਨ ਦੀ ਟੀਪੀਏਆਰ ਕਲੱਬ ਦੇ ਮੈਂਬਰ ਸਨ ਜੋ ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਨਾਲ ਦੂਰੋਂ ਹੀ ਪਛਾਣੇ ਜਾ ਰਹੇ ਸਨ। ਇਨ੍ਹਾਂ ਦੌੜਾਕਾਂ ਵਿੱਚ ਛੋਟੇ-ਛੋਟੇ ਬੱਚੇ ਵੀ ਸ਼ਾਮਲ ਸਨ ਜੋ ਬੜੇ ਹੀ ਸ਼ੌਕ ਤੇ ਉਤਸ਼ਾਹ ਨਾਲ ਦੌੜ ਰਹੇ ਸਨ। ਦੌੜ ਦੀ ਸਮਾਪਤੀ 'ਤੇ ਇਸ ਈਵੈਂਟ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਨੂੰ ਪੀਜ਼ੇ, ਫ਼ਲ, ਚਾਹ ਤੇ ਗਰਮ-ਕਾਫ਼ੀ ਦੀ ਰਿਫ਼ਰੈੱਸ਼ਮੈਂਟ ਦਿੱਤੀ ਗਈ। ਈਵੈਂਟ ਦੀ ਸਮਾਪਤੀ ਸਮੇਂ ਕੁਝ ਬੁਲਾਰਿਆਂ ਵੱਲੋਂ ਬਾਬਾ ਫ਼ੌਜਾ ਸਿੰਘ ਵੱਲੋਂ ਦਿੱਤੇ ਗਏ ਚੰਗੀ ਸਿਹਤ, ਚੜ੍ਹਦੀ-ਕਲਾ ਅਤੇ ਬੁਲੰਦ ਹੌਸਲੇ ਦੇ ਸੁਨੇਹਿਆਂ ਨਾਲ ਸੰਬੋਧਨ ਕੀਤਾ ਗਿਆ ਜਿਨ੍ਹਾਂ ਨੂੰ ਬਾਬਾ ਜੀ ਨੇ ਆਪਣੇ ਜੀਵਨ ਵਿੱਚ ਪੂਰੀ ਤਰ੍ਹਾਂ ਅਪਨਾਇਆ ਅਤੇ ਇਨ੍ਹਾਂ ਨੂੰ ਅਖ਼ੀਰ ਤੱਕ ਹੱਡੀਂ ਹੰਡਾਇਆ। ਅਖ਼ੀਰ ਵਿੱਚ ਪ੍ਰਬੰਧਕਾਂ ਵਿੱਚ ਸ਼ਾਮਲ 'ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਦੇ ਮੁੱਖ-ਪ੍ਰਬੰਧਕ ਨਰਿੰਦਰ ਪਾਲ ਬੈਂਸ ਅਤੇ ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਇਸ ਈਵੈਂਟ ਵਿੱਚ ਸ਼ਾਮਲ ਹੋਏ ਸਮੂਹ ਦੌੜਾਕਾਂ, ਵਾੱਕਰਾਂ, ਵਾਲੰਟੀਅਰਾਂ ਅਤੇ ਉਨ੍ਹਾਂ ਦਾ ਹੌਸਲਾ ਵਧਾਉਣ ਵਾਲਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਬਾਬਾ ਫ਼ੌਜਾ ਸਿੰਘ ਦੀ ਯਾਦ ਨੂੰ ਇੰਜ ਹੀ ਹਰ ਸਾਲ ਮਨਾਉਣ ਦਾ ਵਾਅਦਾ ਕੀਤਾ ਗਿਆ।

# ਕੈਲੀਫੋਰਨੀਆ 'ਚ ਜੰਗਲੀ ਅੱਗ ਦਾ ਕਹਿਰ

## 450 ਤੋਂ ਵੱਧ ਘਰ ਖਤਰੇ 'ਚ, ਹਾਈ ਅਲਰਟ ਜਾਰੀ



ਨਿਊਯਾਰਕ :- ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿੱਚ ਭਿਆਨਕ ਜੰਗਲੀ ਅੱਗ ਫੈਲ ਗਈ ਹੈ। ਪਿਛਲੇ ਸ਼ੁੱਕਰਵਾਰ ਨੂੰ ਸ਼ੁਰੂ ਹੋਈ ਇਹ ਅੱਗ ਤੇਜ਼ੀ ਦੇ ਨਾਲ ਫੈਲ ਰਹੀ ਹੈ। ਅੱਗ ਕਾਰਨ ਸੰਘਣਾ ਧੂੰਆਂ ਫੈਲ ਗਿਆ ਹੈ ਅਤੇ ਹਵਾ ਦੀ ਗੁਣਵੱਤਾ ਵਿਗੜ ਰਹੀ ਹੈ। ਇਸ ਲਈ ਅਧਿਕਾਰੀ ਹਾਈ ਅਲਰਟ 'ਤੇ ਹਨ। 'ਗਿਫੋਰਡ ਫਾਇਰ' ਵਜੋਂ ਜਾਣੀ ਜਾਂਦੀ ਇਹ ਅੱਗ ਹੁਣ 65,000 ਏਕੜ ਤੋਂ ਵੱਧ ਰਕਬੇ ਵਿੱਚ ਫੈਲ ਗਈ ਹੈ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਭਿਆਨਕ ਅੱਗ ਨੇ ਆਲੇ-ਦੁਆਲੇ ਦੇ ਇਲਾਕੇ ਵਿੱਚ ਸੰਘਣਾ ਧੂੰਆਂ ਫੈਲਾ ਦਿੱਤਾ। ਅਧਿਕਾਰੀਆਂ ਨੇ ਦੱਖਣੀ ਕੈਲੀਫੋਰਨੀਆ ਕਾਉਂਟੀਆਂ ਜਿਵੇਂ ਕਿ ਲਾਸ ਏਂਜਲਸ, ਵੈਂਚੁਰਾ ਅਤੇ ਕਰਨ ਦੇ ਨਾਲ-ਨਾਲ ਗੁਆਂਢੀ ਲਾਸ ਵੇਗਾਸ ਦੇ ਨਿਵਾਸੀਆਂ ਨੂੰ ਸੁਚੇਤ ਕਰ ਦਿੱਤਾ ਹੈ। ਹਵਾ ਦੀ ਗੁਣਵੱਤਾ ਵਿਗੜਨ ਕਾਰਨ ਕਈ ਸਲਾਹਾਂ ਜਾਰੀ ਕੀਤੀਆਂ ਗਈਆਂ ਹਨ। ਨੇੜਲੇ ਖੇਤਰਾਂ ਦੇ ਲੋਕਾਂ ਨੂੰ ਜੋ ਸਭ ਤੋਂ ਵੱਧ ਪ੍ਰਭਾਵਿਤ ਹਨ, ਉਨ੍ਹਾਂ ਨੂੰ ਖਾਲੀ ਕਰਵਾਇਆ ਜਾ ਰਿਹਾ ਹੈ। ਦੂਜੇ ਪਾਸੇ ਅਧਿਕਾਰੀ ਅੱਗ 'ਤੇ ਕਾਬੂ ਪਾਉਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ। ਅਧਿਕਾਰੀਆਂ ਨੇ ਕਿਹਾ ਅੱਗ 'ਤੇ ਸਿਰਫ 3 ਪ੍ਰਤੀਸ਼ਤ ਕਾਬੂ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਮੌਸਮ ਦੀ ਸਥਿਤੀ ਕਾਰਨ ਰੁਕਾਵਟਾਂ ਨੂੰ ਨਹੀਂ ਹਟਾਇਆ ਜਾ ਰਿਹਾ ਸੀ। ਅਧਿਕਾਰੀਆਂ ਨੇ ਅੱਗ ਕਾਰਨ ਆਲੇ-ਦੁਆਲੇ ਦੀਆਂ ਸੜਕਾਂ ਨੂੰ ਵੀ ਬੰਦ ਕਰ ਦਿੱਤਾ ਹੈ। ਇਸ ਨਾਲ ਆਵਾਜਾਈ ਵਿੱਚ ਵਿਘਨ ਪਿਆ ਹੈ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਮੌਸਮ ਗਰਮ ਹੋ ਜਾਵੇਗਾ ਅਤੇ ਹਾਲਾਤ ਹੋਰ ਵੀ ਗੰਭੀਰ ਹੋ ਜਾਣਗੇ।

## ਅਮਰੀਕਾ: ਉੱਤਰੀ ਐਰੀਜ਼ੋਨਾ 'ਚ ਮੈਡੀਕਲ ਮਾਲਵਾਹਕ ਜਹਾਜ਼ ਹਾਦਸਾਗ੍ਰਸਤ, 4 ਮੌਤਾਂ

ਉੱਤਰੀ ਐਰੀਜ਼ੋਨਾ ਵਿੱਚ ਨਵਾਜੋ ਨੇਸ਼ਨ 'ਤੇ ਮੰਗਲਵਾਰ ਨੂੰ ਇੱਕ ਛੋਟਾ ਮੈਡੀਕਲ ਮਾਲਵਾਹਕ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ ਉਸਨੂੰ ਅੱਗ ਲੱਗ ਗਈ। ਇਹ ਹਾਦਸੇ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਅਤੇ ਸੀਐੱਸਆਈ ਏਵੀਏਸ਼ਨ ਦੇ ਅਨੁਸਾਰ ਸੀਐਸਆਈ ਏਵੀਏਸ਼ਨ ਕੰਪਨੀ ਦਾ ਇੱਕ ਬੀਚਕਰਾਫਟ ਕਿੰਗ ਏਅਰ 300 (Beechcraft King Air 300) ਜਹਾਜ਼ ਦੋ ਪਾਇਲਟਾਂ ਅਤੇ ਦੋ ਸਿਹਤ ਸੰਭਾਲ ਕਰਮੀਆਂ ਨਾਲ ਅਲਬੂਕਰਕੀ, ਨਿਊ ਮੈਕਸੀਕੋ ਤੋਂ ਰਵਾਨਾ ਹੋਇਆ ਸੀ। ਇਹ ਦੁਪਹਿਰ ਵੇਲੇ ਫੀਨਿਕਸ ਤੋਂ ਲਗਭਗ 300 ਮੀਲ (483 ਕਿਲੋਮੀਟਰ) ਉੱਤਰ-ਪੂਰਬ ਵਿੱਚ ਸਥਿਤ ਚਿਨਲੇ ਹਵਾਈ ਅੱਡੇ ਦੇ ਕੋਲ ਹਾਦਸਾਗ੍ਰਸਤ ਹੋ ਗਿਆ। ਜ਼ਿਲ੍ਹਾ ਪੁਲੀਸ ਕਮਾਂਡਰ ਐਮੇਟ ਯਾਜ਼ੀ ਨੇ ਕਿਹਾ, ''ਉਹ ਉੱਥੇ ਉਤਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਬਦਕਿਸਮਤੀ ਨਾਲ ਕੁਝ ਗਲਤ ਹੋ ਗਿਆ।''

ਨਵਾਜੋ ਡਿਪਾਰਟਮੈਂਟ ਆਫ ਐਮਰਜੈਂਸੀ ਮੈਨੇਜਮੈਂਟ ਦੀ ਡਾਇਰੈਕਟਰ ਸ਼ੈਰੇਨ ਸੈਂਡੋਵਾਲ ਨੇ ਦੱਸਿਆ ਕਿ ਚਾਲਕ ਦਲ ਚਿਨਲੇ ਦੇ ਸੰਘੀ ਇੰਡੀਅਨ ਹੈਲਥ ਸਰਵਿਸ ਹਸਪਤਾਲ ਤੋਂ ਗੰਭੀਰ ਦੇਖਭਾਲ ਦੀ ਲੋੜ ਵਾਲੇ ਇੱਕ ਮਰੀਜ਼ ਨੂੰ ਲੈਣ ਦੀ ਯੋਜਨਾ ਬਣਾ ਰਿਹਾ ਸੀ। ਉਨ੍ਹਾਂ ਕਿਹਾ ਕਿ ਯੋਜਨਾ ਅਲਬੂਕਰਕੀ ਵਾਪਸ ਜਾਣ ਦੀ ਸੀ। ਮੰਗਲਵਾਰ ਸ਼ਾਮ ਤੱਕ ਮਰੀਜ਼ ਦੀ ਸਥਿਤੀ ਅਤੇ ਉਹ ਕਿੱਥੇ ਸੀ, ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਸੈਂਡੋਵਾਲ ਨੇ ਦੱਸਿਆ ਕਿ ਕਬਾਇਲੀ ਅਧਿਕਾਰੀਆਂ ਨੂੰ ਦੁਪਹਿਰ 12:44 ਵਜੇ ਹਵਾਈ ਅੱਡੇ 'ਤੇ ਕਾਲੇ ਧੂੰਏਂ ਦੀਆਂ ਰਿਪੋਰਟਾਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ। ਕਬੀਲੇ ਨੇ ਕਿਹਾ ਕਿ ਹਾਦਸੇ ਦਾ ਕਾਰਨ ਪਤਾ ਨਹੀਂ ਲੱਗ ਸਕਿਆ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ (NTSB) ਅਤੇ ਐਫਏਏ (FAA) ਜਾਂਚ ਕਰ ਰਹੇ ਹਨ।

# ਦੇਸ਼ ਦੇ ਹਵਾਈ ਅੱਡਿਆਂ 'ਤੇ ਅੱਤਵਾਦੀ ਹਮਲੇ ਦਾ ਖ਼ਤਰਾ!

## BCAS ਨੇ ਜਾਰੀ ਕੀਤੀ ਐਡਵਾਈਜ਼ਰੀ




ਨਵੀਂ ਦਿੱਲੀ: ਦੇਸ਼ ਦੇ ਹਵਾਈ ਅੱਡਿਆਂ 'ਤੇ ਸੰਭਾਵੀ ਅੱਤਵਾਦੀ ਖ਼ਤਰੇ ਨੂੰ ਲੈ ਕੇ ਅਲਰਟ ਜਾਰੀ ਕੀਤਾ ਗਿਆ ਹੈ ਅਤੇ ਸੁਰੱਖਿਆ ਵਧਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ (BCAS) ਨੇ 22 ਸਤੰਬਰ ਤੋਂ 2 ਅਕਤੂਬਰ ਦੇ ਸਮੇਂ ਦੌਰਾਨ ਕਿਸੇ ਅੱਤਵਾਦੀ ਸਮੂਹ ਦੇ ਸੰਭਾਵੀ ਖ਼ਤਰੇ ਦੇ ਮੱਦੇਨਜ਼ਰ ਹਵਾਈ ਅੱਡਿਆਂ 'ਤੇ ਸੁਰੱਖਿਆ ਵਧਾਉਣ ਦੇ ਨਿਰਦੇਸ਼ ਦਿੱਤੇ ਹਨ।

ਇਸ ਸਬੰਧ ਵਿੱਚ ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ (BCAS) ਵੱਲੋਂ ਇੱਕ ਸਲਾਹਕਾਰੀ ਜਾਰੀ ਕੀਤੀ ਗਈ ਹੈ। ਇਸ ਸਲਾਹਕਾਰੀ ਵਿੱਚ ਕਿਹਾ ਗਿਆ ਹੈ ਕਿ ਕੇਂਦਰੀ ਸੁਰੱਖਿਆ ਏਜੰਸੀ ਤੋਂ ਪ੍ਰਾਪਤ ਹਾਲੀਆ ਜਾਣਕਾਰੀ ਦੇ ਮੱਦੇਨਜ਼ਰ, ਸਾਰੇ ਹਵਾਈ ਅੱਡਿਆਂ 'ਤੇ ਸਾਰੇ ਸਬੰਧਿਤ ਹਿੱਸੇਦਾਰਾਂ ਨੂੰ ਹਵਾਈ ਅੱਡਿਆਂ, ਰਨਵੇਅ, ਏਅਰਫੀਲਡ, ਏਅਰ ਫੋਰਸ ਸਟੇਸ਼ਨਾਂ ਅਤੇ ਹੈਲੀਪੈਡਾਂ 'ਤੇ ਸੁਰੱਖਿਆ ਉਪਾਅ ਵਧਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਕੇਂਦਰੀ ਸੁਰੱਖਿਆ ਏਜੰਸੀ ਤੋਂ ਪ੍ਰਾਪਤ ਜਾਣਕਾਰੀ ਵਿੱਚ 22 ਸਤੰਬਰ ਤੋਂ 2 ਅਕਤੂਬਰ, 2025 ਦੇ ਵਿਚਕਾਰ ਅੱਤਵਾਦੀ ਸਮੂਹਾਂ ਤੋਂ ਸੰਭਾਵਿਤ ਖ਼ਤਰੇ ਦਾ ਸੰਕੇਤ ਦਿੱਤਾ ਗਿਆ ਹੈ।

ਕੇਂਦਰੀ ਸੁਰੱਖਿਆ ਏਜੰਸੀ ਤੋਂ ਪ੍ਰਾਪਤ ਜਾਣਕਾਰੀ ਵਿੱਚ 22 ਸਤੰਬਰ ਤੋਂ 2 ਅਕਤੂਬਰ, 2025 ਦੇ ਵਿਚਕਾਰ ਅੱਤਵਾਦੀ ਸਮੂਹਾਂ ਤੋਂ ਸੰਭਾਵਿਤ ਖ਼ਤਰੇ ਦਾ ਸੰਕੇਤ ਦਿੱਤਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਬੀਸੀਏਐਸ ਦੀ ਇਹ ਸਲਾਹ ਇੱਕ ਪਾਕਿਸਤਾਨੀ ਅੱਤਵਾਦੀ ਸਮੂਹ ਦੀਆਂ ਗਤੀਵਿਧੀਆਂ ਨਾਲ ਸਬੰਧਿਤ ਇੱਕ ਖਾਸ ਜਾਣਕਾਰੀ 'ਤੇ ਅਧਾਰਿਤ ਹੈ।

# ਮਾਰਕ ਜ਼ੁਕਰਬਰਗ ਨੇ 24 ਸਾਲਾ ਡਾਈਟਕੇ ਨੂੰ 2,200 ਕਰੋੜ ਦੀ ਤਨਖ਼ਾਹ ਦੀ ਕੀਤੀ ਪੇਸ਼ਕਸ਼





ਮੈਟਾ ਨੂੰ ਏਆਈ ਦੌੜ ਵਿੱਚ ਸਭ ਤੋਂ ਅੱਗੇ ਲਿਆਉਣ ਲਈ, ਮਾਰਕ ਜ਼ੁਕਰਬਰਗ ਤੇਜ਼ੀ ਨਾਲ ਭਰਤੀਆਂ ਕਰ ਰਿਹਾ ਹੈ। ਉਹ ਏਆਈ ਸੈਕਟਰ ਵਿੱਚ ਕੰਮ ਕਰਨ ਵਾਲੇ ਵੱਡੇ ਦਿੱਗਜਾਂ 'ਤੇ ਸੱਟਾ ਲਗਾ ਰਿਹਾ ਹੈ। ਮਾਰਕ ਨੇ ਹਾਲ ਹੀ ਵਿੱਚ ਅਮਰੀਕਾ ਦੇ ਸਟਾਰਟਅੱਪ ਥਿੰਕਿੰਗ ਮਸ਼ੀਨ ਲੈਬ ਦੇ ਕਰਮਚਾਰੀਆਂ ਨੂੰ ਆਕਰਸ਼ਕ ਪੇਸ਼ਕਸ਼ਾਂ ਦਿੱਤੀਆਂ ਸਨ, ਪਰ ਇਸਦੀ ਸੰਸਥਾਪਕ ਮੀਰਾ ਮੂਰਤੀ ਨੇ ਦੱਸਿਆ ਕਿ ਉਸਦੇ ਕਿਸੇ ਵੀ ਕਰਮਚਾਰੀ ਨੇ ਜ਼ੁਕਰਬਰਗ ਦੀ ਪੇਸ਼ਕਸ਼ ਸਵੀਕਾਰ ਨਹੀਂ ਕੀਤੀ। ਹਾਲਾਂਕਿ, ਇਸ ਵਾਰ ਮੈਟਾ ਨੇ ਇੱਕ ਮੁੰਡੇ ਨੂੰ 125 ਮਿਲੀਅਨ ਡਾਲਰ ਯਾਨੀ 1000 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ, ਪਰ ਉਸਨੇ ਇਸਨੂੰ ਠੁਕਰਾ ਦਿੱਤਾ। ਫਿਰ ਜ਼ੁਕਰਬਰਗ ਖੁਦ ਇਸ ਮੁੰਡੇ ਨੂੰ ਮਿਲਣ ਗਿਆ। ਅੰਤ ਵਿੱਚ ਸੌਦਾ ਬੰਦ ਕਰ ਦਿੱਤਾ ਅਤੇ ਮੁੰਡੇ ਨੂੰ ਨੌਕਰੀ 'ਤੇ ਰੱਖਿਆ। ਆਓ, ਜਾਣਦੇ ਹਾਂ ਇਹ ਮੁੰਡਾ ਕੌਣ ਹੈ, ਜਿਸਦਾ ਜ਼ੁਕਰਬਰਗ 'ਵੱਡਾ ਪ੍ਰਸ਼ੰਸਕ' ਬਣ ਗਿਆ।

**ਡੀਟਕੇ ਨੇ 250 ਮਿਲੀਅਨ ਡਾਲਰ ਦੀ ਪੇਸ਼ਕਸ਼ ਦਿੱਤੀ ਸੀ ਠੁਕਰਾ**

ਇੱਕ ਰਿਪੋਰਟ ਦੇ ਅਨੁਸਾਰ, ਮਾਰਕ ਜ਼ੁਕਰਬਰਗ ਦੀ ਕੰਪਨੀ ਮੈਟਾ ਨੇ ਇੱਕ 24 ਸਾਲਾ ਏਆਈ ਖੋਜਕਰਤਾ 'ਮੈਟ ਡਾਈਟਕੇ' ਨੂੰ 125 ਮਿਲੀਅਨ ਡਾਲਰ ਦੀ ਪੇਸ਼ਕਸ਼ ਕੀਤੀ, ਜਿਸਨੂੰ ਉਸਨੇ ਠੁਕਰਾ ਦਿੱਤਾ। ਇਸ ਤੋਂ ਬਾਅਦ, ਮਾਰਕ ਜ਼ੁਕਰਬਰਗ ਖੁਦ ਇਸ ਮੁੰਡੇ ਨੂੰ ਮਿਲਿਆ ਅਤੇ ਚਾਰ ਸਾਲਾਂ ਲਈ 250 ਮਿਲੀਅਨ ਡਾਲਰ ਯਾਨੀ ਕਿ ਲਗਭਗ 2200 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ। ਇਹ ਪੇਸ਼ਕਸ਼ ਸੁਣ ਕੇ ਡੀਟਕੇ ਹੈਰਾਨ ਰਹਿ ਗਿਆ ਅਤੇ ਉਸਨੇ ਆਪਣੇ ਦੋਸਤਾਂ ਨਾਲ ਸਲਾਹ ਕੀਤੀ। ਅੰਤ ਵਿੱਚ ਡਾਈਟਕੇ ਨੇ ਜ਼ੁਕਰਬਰਗ ਦੀ ਪੇਸ਼ਕਸ਼ ਸਵੀਕਾਰ ਕਰ ਲਈ।

**ਮੈਟ ਡਾਈਟਕੇ ਕੌਣ ਹੈ, ਜਿਸਨੂੰ ਮੈਟਾ ਨੇ ਇੰਨੀ ਵੱਡੀ ਪੇਸ਼ਕਸ਼ ਦਿੱਤੀ**

ਮੈਟ ਡੀਟਕੇ ਏਆਈ ਦੀ ਦੁਨੀਆ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹੈ, ਉਹ ਪੇਸ਼ੇ ਤੋਂ ਇੱਕ ਏਆਈ ਖੋਜਕਰਤਾ ਹੈ। ਡਾਈਟਕੇ ਨੇ ਵੱਕਾਰੀ ਵਾਸ਼ਿੰਗਟਨ ਯੂਨੀਵਰਸਿਟੀ ਵਿੱਚ ਕੰਪਿਊਟਰ ਸਾਇੰਸ ਵਿੱਚ ਪੀਐਚਡੀ ਵਿੱਚ ਦਾਖਲਾ ਲਿਆ ਸੀ, ਪਰ ਬਾਅਦ ਵਿੱਚ ਇਸਨੂੰ ਅੱਧ ਵਿਚਕਾਰ ਛੱਡ ਦਿੱਤਾ। ਇਸ ਤੋਂ ਬਾਅਦ ਡਾਈਟਕੇ ਨੇ ਸੀਏਟਲ ਵਿੱਚ ਐਲਨ ਇੰਸਟੀਚਿਊਟ ਫਾਰ ਏਆਈ ਵਿੱਚ ਕੰਮ ਕੀਤਾ। ਇੱਥੇ ਕੰਮ ਕਰਦੇ ਹੋਏ ਡਾਈਟਕੇ ਨੇ ਮੋਲਮੋ ਨਾਮਕ ਇੱਕ ਏਆਈ ਚੈਟਬੋਟ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਹ ਚੈਟਬੋਟ ਤਸਵੀਰਾਂ, ਆਵਾਜ਼ ਅਤੇ ਟੈਕਸਟ ਨੂੰ ਡੀਕੋਡ ਕਰਨ ਦੇ ਸਮਰੱਥ ਹੈ। ਇਹ ਮੈਟਾ ਦੇ ਦ੍ਰਿਸ਼ਟੀਕੋਣ ਨਾਲ ਵੀ ਮੇਲ ਖਾਂਦਾ ਹੈ। ਇਸ ਤੋਂ ਇਲਾਵਾ, ਡਿਟਕੇ ਨੇ 3D ਡੇਟਾਸੈੱਟ ਅਤੇ ਐਮਬੋਡਿਡ ਏਆਈ 'ਤੇ ਕੰਮ ਕੀਤਾ। ਇਸ ਲਈ ਡਾਈਟਕੇ ਨੂੰ ਨਿਊਰਿਪਸ 2022 ਵਿੱਚ ਆਊਟਸਟੈਂਡਿੰਗ ਪੇਪਰ ਅਵਾਰਡ ਮਿਲਿਆ। ਤੁਹਾਨੂੰ ਦੱਸ ਦੇਈਏ ਕਿ ਇਹ ਪੁਰਸਕਾਰ 10,000 ਤੋਂ ਵੱਧ ਖੋਜ ਪੱਤਰਾਂ ਵਿੱਚੋਂ ਕੁਝ ਚੁਣੇ ਹੋਏ ਲੋਕਾਂ ਨੂੰ ਦਿੱਤਾ ਜਾਂਦਾ ਹੈ।

# ਜ਼ਿਲ੍ਹਾ ਫਿਰੋਜ਼ਪੁਰ ਨਿਵਾਸੀਆਂ ਦੀ ਵੀਹਵੀ ਸ਼ਾਨਦਾਰ ਸਲਾਨਾ ਪਿਕਨਿਕ ਧੂੰਮ ਧਾਮ ਨਾਲ

(ਬਰੈਂਪਟਨ /ਬਾਸੀ ਹਰਚੰਦ): ਜ਼ਿਲ੍ਹਾ ਫਿਰੋਜ਼ਪੁਰ ਨਿਵਾਸੀਆਂ ਨੂੰ ਸੂਚਨਾ ਹੈ ਕਿ ਹਰ ਸਾਲ ਦੀ ਤਰ੍ਹਾਂ ਸਲਾਨਾ ਪਿਕਨਿਕ ਸੱਭ ਪ੍ਰੀਵਾਰਾਂ ਦੇ ਸਹਿਯੋਗ ਨਾਲ 23 ਅਗੱਸਤ 2025 ਦਿਨ ਸਨਿਚਰਵਾਰ ਨੂੰ 10-00 ਵਜੇ ਤੋਂ 5-00 ਵਜੇ ਤੱਕ ਬੜੀ ਧੂੰਮ ਧਾਮ ਨਾਲ ਮਨਾਈ ਜਾਏਗੀ । ਇਸ ਵਾਰ ਪਿਕਨਿਕ ਮਿਲਟਨ ਵਿਖੇ ਗੋਲਫ ਲਾਈਨ ਰੋਡ 9319 ਉਪਰ ਰਮਨੀਕ ਸਥਾਨ ਤੇ ਮਨਾਈ ਜਾਏਗੀ। ਯਾਦ ਰਹੇ ਪਿਛਲੇ ਸਾਲ ਵੀ ਇਸੇ ਸਥਾਨ ਤੇ ਮਨਾਈ ਸੀ। ਇਹ ਸਥਾਨ ਕਸੀਨੋ ਦੇ ਬਿਲਕੁਲ ਸਾਹਮਣੇ ਹੈ। ਕਾਰਜ ਕਾਰੀ ਕਮੇਟੀ ਵੱਲੋਂ ਹਰ ਤਰ੍ਹਾਂ ਦੀ ਤਿਆਰੀ ਮੁਕੰਮਲ ਕਰ ਲਈ ਗਈ ਹੈ। ਬੈਠਣ ਲਈ ਰੁੱਖਾਂ ਦੀ ਛਾਂ, ਕੁਰਸੀਆਂ ਮੇਜ ਟੈਂਟ ਸਾਊਂਡ ਦਾ ਪ੍ਰਬੰਧ ਕੀਤਾ ਗਿਆ ਹੈ। ਸਵੀਟ ਮਹਿਲ ਐਂਡ ਰੈਸਟੋ ਰੈਂਟ ਵਾਲਿਆਂ ਦਾ ਸੁਆਦਲਾ ਭੋਜਨ ਸਾਰਾ ਦਿਨ ਖਾਣ ਲਈ ਹੋਵੇਗਾ। ਬੱਚਿਆਂ ਬੀਬੀਆਂ ਪੁਰਸ਼ਾਂ ਲਈ ਖੇਡਾਂ ਦਾ ਪ੍ਰਬੰਧ ਹੋਵੇਗਾ । ਜੇਤੂਆਂ ਨੂੰ ਇਨਾਮ ਦਿਤੇ ਜਾਣਗੇ। ਪੰਜਾਬ ਦੇ ਪ੍ਰਸਿੱਧ ਲੋਕ ਨਾਚ ਭੰਗੜਾ, ਗਿੱਧਾ ਹੋਵੇਗਾ। ਸੱਭ ਪਰਿਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸੂਚਨਾ ਇੱਕ ਦੂਜੇ ਪ੍ਰੀਵਾਰ ਨਾਲ ਸਾਂਝੀ ਕਰਨ ਤਾਂ ਕਿ ਕੋਈ ਪਰਿਵਾਰ ਇਸ ਦਿਨ ਨੂੰ ਭੁੱਲ ਨਾ ਜਾਏ। ਜ਼ਿਲ੍ਹਾ ਫਿਰਜ਼ਪੁਰ ਤੋਂ ਬੇਟੀਆਂ ਅਤੇ ਵਿਜਟਰ ਪ੍ਰੀਵਾਰਾਂ ਨੂੰ ਸ਼ਾਮਲ ਹੋਣ ਦਾ ਖੁੱਲਾ ਸੱਦਾ ਹੈ। ਸਮੂਹ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਆਉ ਪ੍ਰੀਵਾਰ ਰਲ ਮਿਲ ਕੇ ਅਨੰਦ ਮਾਣੀਏ ਵਿਛੜਿਆਂ ਨੂੰ ਸਾਲ ਬਾਅਦ ਮਿਲੀਏ। ਅਪਣੇ ਜ਼ਿਲੇ ਫਿਰੋਜ਼ਪੁਰ ਨਾਲ ਡੂਘੀ ਸਾਂਝ ਰੱਖਦੇ ਇਨ੍ਹਾ ਦਾਨੀ ਸਪੌਂਸਰਜ਼ ਨੇ ਕਲੱਬ ਦੀ ਦਿਲ ਖੋਹਲ ਕੇ ਮਦਦ ਕੀਤੀ ਹੈ1 ਸਵੀਟ ਮਹਿਲ ਰੈਸਟੋਰੈਂਟ ਐਂਡ ਪਰੈਜੀਡੈਂਟ ਕਨਵੈਨਸ਼ਨ ਸੈਂਟਰ ਸੁਖਰਾਜ ਕੰਗ, ਸੰਧੂ ਲਾਅ ਆਫਿਸ ਬਲਜਿੰਦਰ ਸਿੰਘ ਸੰਧੂ, ਸੇਵ ਮੈਕਸ ਈਲਾਈਟ ਰੀਅਲ ਸਟੇਟ ਇੰਕ ਬਰੋਕਰੇਜ ਜੱਸੀ ਸਿੰਘ, ਜਸਵਿੰਦਰ ਸਿੰਘ ਈਗਲ ਸੰਟ ਟਰੱਕਿੰਗ ਕੰਪਨੀ , ਫਰੈਸ਼ ਫੂਡ ਸੈਂਟਰ ਕੈਲਡਨ ਰਵਨੀਤ ਕੌਰ, ਆਟੋ ਇੰਨਸੋਰੈਂਸ ਯਸਪਾਲ ਸ਼ਰਮਾ, ਹੋਮ ਲਾਈਫ ਮਿਰਕਰਨ ਸਰਬਜੀਤ ਕੌਰ, ਸਿਮਕੋ ਹੋਮ ਫਰਨੀਚਰ ਜੱਸ, ਮੀਰਕਾ ਮਾਰੀਆ, ਪੰਜਾਬੀ ਭੰਗੜਾ ਐਂਡ ਕਲਚਰਲ ਅਕੈਡਮੀ ਇੰਦਰਜੀਤ ਸਿੰਘ ਅਤੇ ਰਾਜੀਵ ਧਵਨ ਅਸਟੇਟ ਵੰਨ ਰੀਐਲਟੀ।

# ਕੈਲੇਡਨ ਸੀਨੀਅਰਜ਼ ਕਲੱਬ ਨੇ ਬੜੇ ਉਤਸ਼ਾਹ ਨਾਲ ਮਨਾਇਆ 'ਕੈਨੇਡਾ ਡੇਅ'






ਕੈਲਾਡਨ,(ਡਾ.ਝੰਡ): 1 ਜੁਲਾਈ 1867 ਨੂੰ ਬਣੀ 'ਕੈਨੇਡੀਅਨ ਕਨਫ਼ੈੱਡਰੇਸ਼ਨ' ਵਜੋਂ ਕੈਨੇਡਾ ਦੇ ਗਠਨ ਦਾ ਰਾਸ਼ਟਰੀ ਦਿਨ 'ਕੈਨੇਡਾ ਡੇਅ' ਭਾਵੇਂ ਪਹਿਲੀ ਜੁਲਾਈ ਨੂੰ ਹੁੰਦਾ ਹੈ ਪਰ ਇਸ ਨੂੰ ਮਨਾਉਣ ਦੇ ਜਸ਼ਨ ਜੁਲਾਈ ਦਾ ਸਾਰਾ ਮਹੀਨਾ ਹੀ ਚੱਲਦੇ ਰਹਿੰਦੇ ਹਨ। ਵੱਖ-ਵੱਖ ਸੀਨੀਅਰਜ਼ ਕਲੱਬਾਂ ਅਤੇ ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਵੱਲੋਂ ਇਹ ਦਿਨ ਆਪੋ ਆਪਣੇ ਢੰਗ ਨਾਲ ਇਸ ਮਹੀਨੇ ਦੌਰਾਨ ਕਿਸੇ ਵੀ ਦਿਨ ਮਨਾਇਆ ਜਾਂਦਾ ਹੈ। ਏਸੇ ਸਿਲਸਿਲੇ ਵਿੱਚ ਇਹ ਸ਼ੁਭ-ਦਿਨ ਕੈਲੇਡਨ ਸੀਨੀਅਰਜ਼ ਕਲੱਬ ਵੱਲੋਂ ਇਹ 27 ਜੁਲਾਈ ਦਿਨ ਐਤਵਾਰ ਨੂੰ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਦੇ ਦੱਸਣ ਅਨੁਸਾਰ ਇਸ ਦਿਨ ਨੂੰ ਏਨਾ ਪਛੜ ਕੇ ਮਨਾਉਣ ਦਾ ਮੁੱਖ ਕਾਰਨ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਕੋਲੋਂ ਇਸ ਦੇ ਲਈ ਪਹਿਲਾਂ ਸਮੇਂ ਦਾ ਨਾ ਮਿਲਣਾ ਸੀ। ਫਿਰ ਵੀ ਉਸ ਦਿਨ ਕਿਸੇ ਅਤੀ ਜ਼ਰੂਰੀ ਕੰਮ ਪੈ ਜਾਣ ਕਰਕੇ ਉਹ ਉਨ੍ਹਾਂ ਦੇ ਇਸ ਜਸ਼ਨ ਵਿੱਚ ਸ਼ਾਮਲ ਨਾ ਹੋ ਸਕੇ ਅਤੇ ਡਿਪਟੀ ਮੇਅਰ ਹਰਕੀਰਤ ਸਿੰਘ ਨੇ ਉਨ੍ਹਾਂ ਦੀ ਅਤੇ ਆਪਣੀ ਦੋਹਾਂ ਦੀ ਹਾਜ਼ਰੀ ਉੱਥੇ ਕਾਫ਼ੀ ਸਮਾਂ ਗੁਜ਼ਾਰ ਕੇ ਵਧੀਆ ਸੰਬੋਧਨ ਕਰਦਿਆਂ ਹੋਇਆਂ ਲਗਵਾਈ। ਬੜੇ ਹੀ ਨਿਵੇਕਲੇ ਅੰਦਾਜ਼ ਵਿੱਚ ਉਨ੍ਹਾਂ ਨੇ 'ਕੈਨੇਡਾ ਡੇਅ' ਦੀ ਮੁਬਾਰਕਬਾਦ ਸਾਂਝੀ ਕੀਤੀ। ਉਨ੍ਹਾਂ ਦੇ ਨਾਲ ਕੈਲੇਡਨ ਦੇ ਰੀਜਨਲ ਕੌਂਸਲਰ ਕ੍ਰਿਸਟੀਨਾ ਅਰਲੀ ਵੀ ਉੱਥੇ ਮੌਜੂਦ ਸਨ ਅਤੇ ਉਨ੍ਹਾ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆਂ ਵੱਲੋਂ ਕੈਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ' ਦੇ ਗਾਇਨ ਨਾਲ ਕੀਤੀ ਗਈ। ਬਰੈਂਪਟਨ ਨੌਰਥ ਤੇ ਕੈਲੇਡਨ ਦੇ ਮੈਂਬਰ ਪਾਰਲੀਮੈਂਟ ਅਤੇ ਪਾਰਲੀਮੈਂਟਰੀ ਸੈਕਟਰੀ ਰੂਬੀ ਸਹੋਤਾ ਨੇ ਇਸ ਸਮਾਰੋਹ ਵਿੱਚ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਕੈਲੇਡਨ-ਵਾਸੀਆਂ ਨੂੰ ਇਸ ਸ਼ੁਭ-ਦਿਨ ਦੀ ਵਧਾਈ ਦਿੱਤੀ। ਉਨ੍ਹਾਂ ਨੇ ਇਸ ਸਮਾਗ਼ਮ ਵਿੱਚ ਬੱਚਿਆਂ ਅਤੇ ਬੀਬੀਆਂ ਦੀਆਂ ਖੇਡਾਂ ਵਿਚ ਭਾਗ ਲੈਣ ਵਾਲਿਆਂ ਵਿੱਚੋਂ ਜੇਤੂ ਰਹੇ ਖਿਡਾਰੀਆਂ ਨੂੰ ਇਨਾਮ ਵੀ ਵੰਡੇ। ਇਸ ਮੌਕੇ ਬੱਚਿਆਂ ਦੇ 6-8 ਸਾਲ, 8-10 ਸਾਲ ਤੇ 10-12 ਸਾਲ ਦੇ ਵੱਖ-ਵੱਖ ਉਮਰ ਵਰਗਾਂ ਦੀਆਂ 100 ਮੀਟਰ ਦੌੜਾਂ ਹੋਈਆਂ, ਜਦ ਕਿ ਬੀਬੀਆਂ ਦੀ 'ਮਿਊਜ਼ੀਕਲ ਚੇਅਰ ਰੇਸ' ਅਤੇ 'ਤਿੰਨ-ਲੱਤੀ ਦੌੜ' (ਥਰੀ-ਲੈੱਗਡ ਰੇਸ) ਕਰਵਾਈ ਗਈ। ਸਾਰੀਆਂ ਹੀ ਖੇਡਾਂ ਬੜੀਆਂ ਮਨੋਰੰਜਕ ਅਤੇ ਹੌਸਲਾ-ਵਧਾਊ ਸਨ। ਇਸ ਦੌਰਾਨ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਵੱਲੋਂ ਆਪਣੇ ਸੰਬੋਧਨ ਵਿੱਚ ਸਮਾਗ਼ਮ ਵਿੱਚ ਪਹੁੰਚੇ ਲੀਡਰਾਂ ਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਹੋਇਆਂ ਕੈਲੇਡਨ ਈਸਟ ਦੇ ਆਪਣੇ ਪਾਰਕ ਬਾਰੇ ਕੁਝ ਮੰਗਾਂ ਦਾ ਵੀ ਜ਼ਿਕਰ ਕੀਤਾ ਜਿਨ੍ਹਾਂ ਨੂੰ ਸਬੰਧਿਤ ਧਿਰਾਂ ਵੱਲੋਂ ਮੰਨੇ ਜਾਣ ਦਾ ਵਾਅਦਾ ਕੀਤਾ ਗਿਆ। 'ਕੈਨੇਡਾ ਡੇਅ' ਮਨਾਉਣ ਦੇ ਇਸ ਜਸ਼ਨ ਦੌਰਾਨ ਚਾਹ-ਪਾਣੀ ਅਤੇ ਖਾਣ-ਪੀਣ ਦਾ ਲੰਗਰ ਸਾਰਾ ਦਿਨ ਚੱਲਦਾ ਰਿਹਾ। ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਆਪਣੀਆਂ ਜ਼ਿੰਮੇਂਵਾਰੀਆਂ ਬਾਖ਼ੂਬੀ ਨਿਭਾਈਆਂ ਗਈਆਂ। ਇਸ ਤਰ੍ਹਾਂ ਸਮੂਹ ਕੈਲੇਡਨ-ਵਾਸੀਆਂ ਵੱਲੋਂ ਮਿਲ ਕੇ ਇਹ ਦਿਨ ਬੜੇ ਚਾਅ ਤੇ ਉਤਸ਼ਾਹ ਨਾਮ ਮਨਾਇਆ ਗਿਆ।



# ਗੁਰਮੀਤ ਰਾਮ ਰਹੀਮ ਨੂੰ ਫਿਰ ਮਿਲੀ 40 ਦਿਨਾਂ ਦੀ ਪੈਰੋਲ

## ਸੁਨਾਰੀਆ ਜੇਲ੍ਹ ਤੋਂ ਸਿਰਸਾ ਡੇਰੇ ਲਈ ਰਵਾਨਾ



ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਇੱਕ ਵਾਰ ਫਿਰ ਜੇਲ੍ਹ ਤੋਂ ਬਾਹਰ ਆ ਗਏ ਹਨ। ਉਨ੍ਹਾਂ ਨੂੰ 40 ਦਿਨਾਂ ਲਈ ਪੈਰੋਲ ਮਿਲ ਗਈ ਹੈ। ਪੈਰੋਲ ਮਿਲਣ ਤੋਂ ਬਾਅਦ, ਉਹ ਮੰਗਲਵਾਰ ਸਵੇਰੇ ਸਖ਼ਤ ਪੁਲਿਸ ਸੁਰੱਖਿਆ ਹੇਠ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਸਿਰਸਾ ਸਥਿਤ ਡੇਰਾ ਹੈੱਡਕੁਆਰਟਰ ਲਈ ਰਵਾਨਾ ਹੋ ਗਏ ਹਨ। ਇਹ ਜੇਲ੍ਹ ਤੋਂ ਉਨ੍ਹਾਂ ਦੀ 14ਵੀਂ ਅਸਥਾਈ ਰਿਹਾਈ ਹੈ। ਇਸ ਤੋਂ ਪਹਿਲਾਂ, 9 ਅਪ੍ਰੈਲ 2025 ਨੂੰ, ਉਨ੍ਹਾਂ ਨੂੰ 21 ਦਿਨਾਂ ਦੀ ਛੁੱਟੀ ਦਿੱਤੀ ਗਈ ਸੀ।

ਗੁਰਮੀਤ ਰਾਮ ਰਹੀਮ ਦੋ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਅਤੇ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਕਤਲ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ।

ਗੁਰਮੀਤ ਰਾਮ ਰਹੀਮ ਦੀ ਰਿਹਾਈ ਦਾ ਸਮਾਂ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਉਨ੍ਹਾਂ ਦੀ ਪੈਰੋਲ ਅਕਸਰ ਹਰਿਆਣਾ, ਪੰਜਾਬ, ਰਾਜਸਥਾਨ ਅਤੇ ਦਿੱਲੀ ਵਿੱਚ ਵਿਧਾਨ ਸਭਾ ਜਾਂ ਸਥਾਨਿਕ ਸੰਸਥਾਵਾਂ ਦੀਆਂ ਚੋਣਾਂ ਨਾਲ ਮੇਲ ਖਾਂਦੀ ਹੈ। ਗੁਰਮੀਤ ਰਾਮ ਰਹੀਮ ਨੂੰ 2024 ਵਿੱਚ ਤਿੰਨ ਵਾਰ ਜੇਲ੍ਹ ਤੋਂ ਬਾਹਰ ਆਉਣ ਦਾ ਮੌਕਾ ਮਿਲਿਆ ਹੈ। ਤਿੰਨੋਂ ਵਾਰ ਚੋਣਾਂ ਨਾਲ ਸਬੰਧਿਤ ਸਨ।

ਉਨ੍ਹਾਂ ਨੂੰ ਜਨਵਰੀ ਵਿੱਚ 50 ਦਿਨਾਂ ਦੀ ਪੈਰੋਲ ਮਿਲੀ, ਜਦੋਂ ਲੋਕ ਸਭਾ ਚੋਣਾਂ ਨੇੜੇ ਸਨ। ਅਗਸਤ ਵਿੱਚ ਜਦੋਂ ਹਰਿਆਣਾ ਵਿਧਾਨ ਸਭਾ ਚੋਣਾਂ ਬਾਰੇ ਚਰਚਾ ਸ਼ੁਰੂ ਹੋਈ ਸੀ, ਉਦੋਂ ਉਨ੍ਹਾਂ ਨੂੰ 21 ਦਿਨਾਂ ਦੀ ਪੈਰੋਲ ਮਿਲੀ ਸੀ। ਅਕਤੂਬਰ ਵਿੱਚ, ਉਨ੍ਹਾਂ ਨੂੰ 20 ਦਿਨਾਂ ਦੀ ਪੈਰੋਲ ਮਿਲੀ ਸੀ, ਪਰ ਇਸ ਵਾਰ ਸ਼ਰਤਾਂ ਇਹ ਸਨ ਕਿ ਉਹ ਚੋਣ ਨਾਲ ਸਬੰਧਿਤ ਗਤੀਵਿਧੀਆਂ ਵਿੱਚ ਹਿੱਸਾ ਨਹੀਂ ਲੈਣਗੇ, ਭਾਸ਼ਣ ਨਹੀਂ ਦੇਣਗੇ ਅਤੇ ਪੈਰੋਲ ਦੌਰਾਨ ਹਰਿਆਣਾ ਵਿੱਚ ਨਹੀਂ ਰਹਿਣਗੇ।

# 'ਬੰਦੀ ਸਿੰਘਾਂ ਲਈ ਕਿਉਂ ਨਹੀਂ ਬਣਦੇ ਨਿਯਮ...',

## ਰਾਮ ਰਹੀਮ ਨੂੰ ਮੁੜ ਤੋਂ ਪੈਰੋਲ ਮਿਲਣ 'ਤੇ ਬੋਲੇ ਹਰਜਿੰਦਰ ਧਾਮੀ



ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਇੱਕ ਵਾਰ ਫਿਰ ਪੈਰੋਲ ਮਿਲਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਮੁਖੀ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਦੀ ਅਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਇੱਕ ਵਿਅਕਤੀ ਲਈ ਨਿਯਮ ਬਦਲੇ ਜਾ ਸਕਦੇ ਹਨ, ਤਾਂ ਜੇਲ੍ਹ ਵਿੱਚ ਬੰਦ ਉਨ੍ਹਾਂ ਸਿੱਖਾਂ ਲਈ ਵੀ ਨਿਯਮ ਬਣਾਏ ਜਾਣੇ ਚਾਹੀਦੇ ਹਨ ਜਿਨ੍ਹਾਂ ਨੇ ਆਪਣੀ ਸਜ਼ਾ ਪੂਰੀ ਕਰ ਲਈ ਹੈ। ਧਾਮੀ ਨੇ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਰਾਮ ਰਹੀਮ ਵਰਗੇ ਸਜ਼ਾਯਾਫ਼ਤਾ ਕੈਦੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ, ਪਰ ਆਪਣੀ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਨੂੰ ਅਜੇ ਤੱਕ ਰਿਹਾਅ ਨਹੀਂ ਕੀਤਾ ਗਿਆ। ਉਨ੍ਹਾਂ ਇਸ ਨੂੰ ਸਰਕਾਰ ਦੀ ਦੋਹਰੀ ਨੀਤੀ ਦੱਸਿਆ ਅਤੇ ਇਸ 'ਤੇ ਨਾਰਾਜ਼ਗੀ ਪ੍ਰਗਟ ਕੀਤੀ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਉਹ ਕਈ ਵਾਰ ਕੈਦ ਸਿੱਖਾਂ ਨੂੰ ਮਿਲ ਚੁੱਕੇ ਹਨ ਅਤੇ ਇਹ ਮੁੱਦਾ ਵਾਰ-ਵਾਰ ਉਠਾ ਰਹੇ ਹਨ ਪਰ ਬੰਦੀ ਸਿੰਘ ਵਾਰ-ਵਾਰ ਉਨ੍ਹਾਂ ਨੂੰ ਸ਼ਿਕਾਇਤ ਨਾ ਕਰਨ ਲਈ ਕਹਿੰਦੇ ਹਨ। ਧਾਮੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੋਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਦੋਹਰੇ ਮਾਪਦੰਡ ਨਹੀਂ ਅਪਣਾਉਣੇ ਚਾਹੀਦੇ। SGPC ਪ੍ਰਧਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਬੰਦੀ ਸਿੰਘਾਂ ਨੂੰ ਜਲਦੀ ਰਿਹਾਅ ਕੀਤਾ ਜਾਵੇ ਅਤੇ ਸਾਰਿਆਂ ਨਾਲ ਨਿਰਪੱਖ ਵਿਵਹਾਰ ਕੀਤਾ ਜਾਵੇ।

ਰਾਮ ਰਹੀਮ ਨੂੰ ਪੈਰੋਲ ਮਿਲਣ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਦਾ ਬਿਆਨ ਵੀ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਜੋ ਦਹਾਕਿਆਂ ਤੋਂ ਜੇਲ੍ਹਾਂ 'ਚ ਬੰਦ ਨੇ, ਉਨ੍ਹਾਂ ਨੂੰ ਰਿਹਾਈ ਨਹੀਂ ਦਿੱਤੀ ਜਾ ਰਹੀ ਪਰ ਸੌਦਾ ਸਾਧ ਨੂੰ ਵਾਰ-ਵਾਰ ਰਿਹਾਈ ਦੇ ਕੇ ਸਿੱਖਾਂ ਨੂੰ ਚਿੜਾਉਣ ਦਾ ਯਤਨ ਕੀਤਾ ਜਾਂਦਾ ਹੈ। ਰਾਮ ਰਹੀਮ ਨੂੰ ਪੈਰੋਲ ਦੇਣੀ ਤੇ ਬੰਦੀ ਸਿੰਘਾਂ ਦੀ ਰਿਹਾਈ ਨਾ ਕਰਨੀ ਸਿੱਖਾਂ ਨਾਲ ਬਹੁਤ ਵੱਡੀ ਨਾ-ਇਨਸਾਫ਼ੀ ਹੈ। ਦੱਸ ਦੇਈਏ ਕਿ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਇੱਕ ਵਾਰ ਫਿਰ ਬਾਹਰ ਆ ਗਿਆ ਹੈ। ਉਸ ਨੂੰ 40 ਦਿਨਾਂ ਦੀ ਪੈਰੋਲ ਮਿਲੀ ਹੈ। ਰਾਮ ਰਹੀਮ ਮੰਗਲਵਾਰ ਸਵੇਰੇ ਸਿਰਸਾ ਡੇਰੇ ਲਈ ਰਵਾਨਾ ਹੋ ਗਿਆ। ਉਹ 14ਵੀਂ ਵਾਰ ਪੈਰੋਲ ਜਾਂ ਫਰਲੋ 'ਤੇ ਬਾਹਰ ਆਇਆ ਹੈ।

### ਸੌਦਾ ਸਾਧ ਨੂੰ ਪੈਰੋਲ ਮਿਲਣ 'ਤੇ ਗਿਆਨੀ ਰਘਬੀਰ ਸਿੰਘ ਦਾ ਬਿਆਨ

### ਬੰਦੀ ਸਿੰਘਾਂ ਦੀ ਰਿਹਾਈ ਨਾ ਕਰਨੀ ਬਹੁਤ ਵੱਡੀ ਨਾ-ਇਨਸਾਫ਼ੀ ਹੈ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੌਦਾ ਸਾਧ0 ਨੂੰ ਇੱਕ ਵਾਰ ਫਿਰ ਪੈਰੋਲ ਮਿਲਣ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਇਹ ਨਾ ਸਿਰਫ਼ ਨਿਆਂ ਦੀ ਉਲੰਘਣਾ ਹੈ, ਸਗੋਂ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਫੈਸਲਾ ਵੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇੱਕ ਪਾਸੇ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਭਾਈਚਾਰੇ ਦੇ ਕੈਦੀਆਂ ਦੀ ਰਿਹਾਈ ਲਈ ਸਿਰਫ਼ ਵਾਅਦੇ ਕੀਤੇ ਜਾ ਰਹੇ ਹਨ। ਦੂਜੇ ਪਾਸੇ ਸਜ਼ਾ ਭੁਗਤ ਰਹੇ ਸੌਦਾ ਸਾਧ ਵਰਗੇ ਅਪਰਾਧੀਆਂ ਨੂੰ ਵਾਰ-ਵਾਰ ਪੈਰੋਲ 'ਤੇ ਰਿਹਾਅ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖਾਂ ਨੂੰ ਦੂਜੇ ਜਾਂ ਤੀਜੇ ਦਰਜੇ ਦੇ ਨਾਗਰਿਕ ਬਣਾਉਣ ਦੀ ਸਿੱਧੀ ਕੋਸ਼ਿਸ਼ ਹੈ। ਇਹ ਸਿਰਫ਼ ਰਾਜਨੀਤਿਕ ਲਾਭ ਲਈ ਕੀਤਾ ਜਾ ਰਿਹਾ ਹੈ ਅਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਇਹ ਰਵੱਈਆ ਬੇਹੱਦ ਚਿੰਤਾਜਨਕ ਹੈ। ਉਨ੍ਹਾਂ ਮੰਗ ਕੀਤੀ ਕਿ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਆਪਣੀ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

# ਉੱਤਰਕਾਸ਼ੀ 'ਚ ਬੱਦਲ ਫਟਣ ਕਾਰਨ ਤਬਾਹੀ

## ਮੌਤਾਂ ਦੀ ਖਬਰ, ਕਈ ਲਾਪਤਾ

ਧਰਾਲੀ: ਉੱਤਰਕਾਸ਼ੀ ਦੇ ਧਰਾਲੀ ਪਿੰਡ ਵਿੱਚ ਬੱਦਲ ਫਟਣ ਕਾਰਨ ਖੀਰਗੰਗਾ ਵਿੱਚ ਭਿਆਨਕ ਹੜ੍ਹ ਆ ਗਿਆ। ਡੀਐਮ ਪ੍ਰਸ਼ਾਂਤ ਆਰੀਆ ਨੇ ਦੱਸਿਆ ਕਿ ਇਸ ਆਫਤ ਵਿੱਚ ਹੁਣ ਤੱਕ ਚਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ ਕਈ ਲੋਕ ਮਲਬੇ ਹੇਠ ਦੱਬੇ ਹੋਣ ਦੀ ਸੂਚਨਾ ਹੈ। ਪਾਣੀ ਅਤੇ ਮਲਬੇ ਦਾ ਸੈਲਾਬ ਪਿੰਡ ਵੱਲ ਵਧਣ ਨਾਲ ਲੋਕਾਂ ਵਿੱਚ ਹਫੜਾ-ਦਫੜੀ ਮੱਚ ਗਈ। ਕਈ ਹੋਟਲਾਂ ਅਤੇ ਦੁਕਾਨਾਂ ਵਿੱਚ ਪਾਣੀ ਅਤੇ ਮਲਬਾ ਵੜ ਗਿਆ, ਜਿਸ ਨਾਲ ਧਰਾਲੀ ਬਾਜ਼ਾਰ ਪੂਰੀ ਤਰ੍ਹਾਂ ਤਬਾਹ ਹੋ ਗਿਆ। ਸੈਨਾ, ਪੁਲਿਸ, ਅਤੇ ਐਸਡੀਆਰਐਫ ਦੀਆਂ ਟੀਮਾਂ ਭਟਵਾੜੀ ਵੱਲ ਰਾਹਤ ਅਤੇ ਬਚਾਅ ਕਾਰਜਾਂ ਲਈ ਰਵਾਨਾ ਹੋਈਆਂ ਹਨ।

ਉੱਤਰਾਖੰਡ ਵਿੱਚ ਭਾਰੀ ਮੀਂਹ ਨੇ ਵਿਆਪਕ ਤਬਾਹੀ ਮਚਾਈ ਹੈ। ਮੰਗਲਵਾਰ ਸਵੇਰੇ ਉੱਤਰਕਾਸ਼ੀ ਦੇ ਬੜਕੋਟ ਤਹਿਸੀਲ ਦੇ ਬਨਾਲ ਪੱਟੀ ਖੇਤਰ ਵਿੱਚ ਭਾਰੀ ਮੀਂਹ ਕਾਰਨ ਕੁਡ ਗਦੇਰਾ ਉਫਾਨ 'ਤੇ ਆ ਗਿਆ, ਜਿਸ ਵਿੱਚ ਡੇਢ ਦਰਜਨ ਬੱਕਰੀਆਂ ਰੁੜ ਗਈਆਂ। ਮੌਸਮ ਵਿਗਿਆਨ ਕੇਂਦਰ ਦੇ ਨਿਰਦੇਸ਼ਕ ਰੋਹਿਤ ਥਪਲਿਆਲ ਨੇ ਦੱਸਿਆ ਕਿ 10 ਅਗਸਤ ਤੱਕ ਸੂਬੇ ਵਿੱਚ ਭਾਰੀ ਮੀਂਹ ਦੀ ਸੰਭਾਵਨਾ ਹੈ, ਖਾਸਕਰ ਪਹਾੜੀ ਖੇਤਰਾਂ ਵਿੱਚ। ਸੁਰੱਖਿਆ ਦੇ ਮੱਦੇਨਜ਼ਰ ਦੇਹਰਾਦੂਨ, ਪੌੜੀ, ਟਿਹਰੀ, ਅਤੇ ਹਰਿਦਵਾਰ ਵਿੱਚ ਮੰਗਲਵਾਰ ਨੂੰ ਵੀ ਸਕੂਲ ਬੰਦ ਰਹਿਣਗੇ।

**ਮੁੱਖ ਮੰਤਰੀ ਨੇ ਜਤਾਇਆ ਦੁੱਖ**

ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਧਰਾਲੀ ਵਿੱਚ ਬੱਦਲ ਫਟਣ ਕਾਰਨ ਹੋਏ ਨੁਕਸਾਨ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਐਸਡੀਆਰਐਫ, ਐਨਡੀਆਰਐਫ, ਜ਼ਿਲ੍ਹਾ ਪ੍ਰਸ਼ਾਸਨ, ਅਤੇ ਹੋਰ ਟੀਮਾਂ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਯੁੱਧ ਪੱਧਰ 'ਤੇ ਜੁਟੀਆਂ ਹੋਈਆਂ ਹਨ। ਉਹ ਸੀਨੀਅਰ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਹਨ।

**ਰਾਹਤ ਅਤੇ ਬਚਾਅ ਲਈ ਹੈਲੀਕਾਪਟਰ ਦੀ ਮੰਗ**

ਉੱਤਰਾਖੰਡ ਆਫਤ ਪ੍ਰਬੰਧਨ ਵਿਭਾਗ ਨੇ ਕੇਂਦਰ ਸਰਕਾਰ ਤੋਂ ਦੋ ਐਮਆਈ ਅਤੇ ਇੱਕ ਚਿਨੂਕ ਹੈਲੀਕਾਪਟਰ ਰਾਹਤ ਅਤੇ ਬਚਾਅ ਕਾਰਜਾਂ ਲਈ ਮੰਗੇ ਹਨ। ਰਾਜ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਨੂੰ ਉੱਤਰਕਾਸ਼ੀ ਵਿੱਚ ਬੱਦਲ ਫਟਣ ਦੀ ਸ਼ੁਰੂਆਤੀ ਸੂਚਨਾ ਮਿਲੀ ਹੈ।

**ਯਮੁਨੋਤਰੀ ਹਾਈਵੇਅ 'ਤੇ ਰੁਕਾਵਟ**

ਬੀਤੀ ਐਤਵਾਰ ਰਾਤ ਤੋਂ ਜਾਰੀ ਮੀਂਹ ਕਾਰਨ ਸਿਆਨਾਚਟੀ ਨੇੜੇ ਯਮੁਨੋਤਰੀ ਹਾਈਵੇਅ ਦਾ 25 ਮੀਟਰ ਹਿੱਸਾ ਧਸ ਗਿਆ, ਜਿਸ ਨਾਲ ਆਵਾਜਾਈ ਬੰਦ ਹੋ ਗਈ। ਸਿਆਨਾਚਟੀ ਨੇੜੇ ਪਹਾੜੀ ਤੋਂ ਵੱਡੇ ਪੱਥਰ ਡਿੱਗਣ ਕਾਰਨ ਵੀ ਸਮੱਸਿਆ ਵਧੀ। ਗੰਗੋਤਰੀ ਹਾਈਵੇਅ ਵੀ ਸਵੇਰੇ ਤੋਂ ਦੁਪਹਿਰ ਤੱਕ ਕਈ ਥਾਵਾਂ 'ਤੇ ਬੰਦ ਰਿਹਾ। ਐਨਐਚ ਵਿਭਾਗ ਨੇ ਓਜਰੀ ਡਾਬਰਕੋਟ ਅਤੇ ਸਿਆਨਾਚਟੀ ਨੇੜੇ ਆਵਾਜਾਈ ਸ਼ੁਰੂ ਕਰਵਾਈ, ਪਰ ਧਸੀ ਸੜਕ ਕਾਰਨ ਮਾਰਗ ਖੋਲ੍ਹਣ ਵਿੱਚ ਮੁਸ਼ਕਿਲ ਆ ਰਹੀ ਹੈ।

# ਪੁੱਤ ਦੀ ਯਾਦ 'ਤੇ ਹਮਲਾ...

## ਸਿੱਧੂ ਮੂਸੇਵਾਲਾ ਦੇ ਬੁੱਤ 'ਤੇ ਫਾਇਰਿੰਗ ਮਗਰੋਂ ਮਾਤਾ ਚਰਨ ਕੌਰ ਨੇ ਪਾਈ ਭਾਵੁਕ ਪੋਸਟ




ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਬਣੇ ਬੁੱਤ 'ਤੇ ਹਾਲ ਹੀ ਵਿੱਚ ਫਾਇਰਿੰਗ ਕੀਤੀ ਗਈ, ਜਿਸ 'ਤੇ ਗਾਇਕ ਦੀ ਮਾਤਾ ਚਰਨ ਕੌਰ ਨੇ ਡੂੰਘਾ ਦੁੱਖ ਅਤੇ ਗੁੱਸਾ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਇੰਸਟਾਗ੍ਰਾਮ 'ਤੇ ਇੱਕ ਭਾਵੁਕ ਪੋਸਟ ਵਿੱਚ ਲਿਖਿਆ- "ਸਾਡੇ ਪੁੱਤਰ ਦੀ ਯਾਦ 'ਤੇ ਹਮਲਾ ਸਾਡੀ ਆਤਮਾ 'ਤੇ ਜ਼ਖ਼ਮ ਹੈ।" ਮਾਤਾ ਚਰਨ ਕੌਰ ਨੇ ਕਿਹਾ ਕਿ ਕੁਝ ਲੋਕ ਨਾ ਸਿਰਫ਼ ਸਿੱਧੂ ਦੀ ਮੌਤ ਦਾ ਅਪਮਾਨ ਕਰ ਰਹੇ ਹਨ, ਸਗੋਂ ਹੁਣ ਉਸ ਦੀਆਂ ਯਾਦਾਂ ਨੂੰ ਵੀ ਮਿਟਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜਿਸ ਬੁੱਤ 'ਤੇ ਗੋਲੀ ਚਲਾਈ ਗਈ ਸੀ, ਉਹ ਸਿਰਫ਼ ਇੱਕ ਪੱਥਰ ਨਹੀਂ ਸੀ, ਸਗੋਂ ਲੋਕਾਂ ਦੇ ਸਿੱਧੂ ਪ੍ਰਤੀ ਪਿਆਰ ਅਤੇ ਸਤਿਕਾਰ ਦਾ ਪ੍ਰਤੀਕ ਸੀ।

ਚਰਨ ਕੌਰ ਨੇ ਕਿਹਾ- "ਮੇਰਾ ਪੁੱਤਰ ਲੋਕਾਂ ਦੇ ਹੱਕਾਂ ਦੀ ਆਵਾਜ਼ ਸੀ। ਹੁਣ ਜਦੋਂ ਉਹ ਸਾਡੇ ਵਿਚਕਾਰ ਨਹੀਂ ਹੈ, ਤਾਂ ਵੀ ਉਸ ਨੂੰ ਚੁੱਪ ਕਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਹਮਲਾ ਸਾਡੀ ਆਤਮਾ 'ਤੇ ਜ਼ਖ਼ਮ ਵਾਂਗ ਹੈ। ਪਰ ਮੈਂ ਕਹਿਣਾ ਚਾਹੁੰਦੀ ਹਾਂ ਕਿ ਉਸ ਨੂੰ ਮਿਟਾਇਆ ਨਹੀਂ ਜਾ ਸਕਦਾ। ਉਹ ਇੱਕ ਲਹਿਰ ਸੀ, ਜੋ ਹਮੇਸ਼ਾ ਜ਼ਿੰਦਾ ਰਹੇਗੀ।" ਉਨ੍ਹਾਂ ਇਹ ਵੀ ਕਿਹਾ- "ਸਾਡੀ ਚੁੱਪ ਸਾਡੀ ਹਾਰ ਨਹੀਂ ਹੈ। ਹਰ ਕਿਸੇ ਨੂੰ ਇੱਕ ਦਿਨ ਆਪਣੇ ਕਰਮਾਂ ਦੀ ਸਜ਼ਾ ਜ਼ਰੂਰ ਮਿਲੇਗੀ।"

ਦੱਸ ਦੇਈਏ ਕਿ ਇਹ ਘਟਨਾ ਲਗਭਗ ਤਿੰਨ ਦਿਨ ਪਹਿਲਾਂ ਹਰਿਆਣਾ ਦੇ ਡੱਬਵਾਲੀ ਇਲਾਕੇ ਵਿੱਚ ਵਾਪਰੀ ਸੀ, ਜਿੱਥੇ ਅਣਪਛਾਤੇ ਹਮਲਾਵਰਾਂ ਨੇ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਬੁੱਤ 'ਤੇ ਗੋਲੀਬਾਰੀ ਕੀਤੀ ਸੀ। ਗੋਲੀਬਾਰੀ ਨਾਲ ਬੁੱਤ ਨੂੰ ਨੁਕਸਾਨ ਪਹੁੰਚਿਆ, ਜਿਸ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ।

ਇਹ ਯਾਦਗਾਰੀ ਸਥਾਨ ਡੱਬਵਾਲੀ ਦੇ ਨੇੜੇ ਸਥਿਤ ਹੈ, ਜਿੱਥੇ ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਇਹ ਬੁੱਤ ਸਥਾਪਿਤ ਕੀਤਾ ਗਿਆ ਸੀ। ਹਮਲਾਵਰ ਰਾਤ ਨੂੰ ਆਏ ਅਤੇ ਗੋਲੀਬਾਰੀ ਕਰਨ ਤੋਂ ਬਾਅਦ ਭੱਜ ਗਏ। ਮੌਕੇ ਤੋਂ ਗੋਲੀਆਂ ਦੇ ਖੋਲ ਵੀ ਬਰਾਮਦ ਹੋਏ ਹਨ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਕਾਰਨ ਮੂਸੇਵਾਲਾ ਦੇ ਪ੍ਰਸ਼ੰਸਕਾਂ ਵਿੱਚ ਕਾਫੀ ਗੁੱਸਾ ਹੈ।

# ਅਮਰੀਕਾ : ਕਾਰ ਹਾਦਸੇ 'ਚ ਭਾਰਤੀ ਮੂਲ ਦੇ 4 ਬਜ਼ੁਰਗਾਂ ਦੀ ਮੌਤ



ਨਿਊਯਾਰਕ : ਅਮਰੀਕੀ ਸੂਬੇ ਪਛਮੀ ਵਰਜੀਨੀਆ 'ਚ ਇਕ ਕਾਰ ਹਾਦਸੇ ਕਾਰਨ ਭਾਰਤੀ ਮੂਲ ਦੇ ਚਾਰ ਬਜ਼ੁਰਗਾਂ ਦੀ ਮੌਤ ਹੋ ਗਈ। ਮਾਰਸ਼ਲ ਕਾਊਂਟੀ ਸ਼ੈਰਿਫ ਮਾਈਕ ਡੌਂਗਰਟੀ ਨੇ ਇਕ ਬਿਆਨ ਵਿਚ ਕਿਹਾ ਕਿ ਕਿਸ਼ੋਰ ਦੀਵਾਨ, ਆਸ਼ਾ ਦੀਵਾਨ, ਸ਼ੈਲੇਸ਼ ਦੀਵਾਨ ਅਤੇ ਗੀਤਾ ਦੀਵਾਨ ਇਕ ਸੜਕੀ ਹਾਦਸੇ ਵਿਚ ਮ੍ਰਿਤਕ ਪਾਏ ਗਏ।

ਇਹ ਚਾਰੇ ਵਿਅਕਤੀ ਨਿਊਯਾਰਕ ਦੇ ਬਫੇਲੋ ਤੋਂ ਲਾਪਤਾ ਦੱਸੇ ਜਾ ਰਹੇ ਸਨ। ਉਨ੍ਹਾਂ ਦੀ ਗੱਡੀ 2 ਅਗੱਸਤ ਨੂੰ ਰਾਤ ਕਰੀਬ 9:30 ਵਜੇ ਪਛਮੀ ਵਰਜੀਨੀਆ ਦੇ ਮਾਰਸ਼ਲ ਕਾਊਂਟੀ ਵਿਚ ਇਕ ਸੜਕ ਤੋਂ ਹੇਠਾਂ ਉਤਰੀ ਮਿਲੀ ਸੀ।

ਨਿਊਯਾਰਕ ਸਟੇਟ ਗਵਰਨਰ ਕੈਥੀ ਹੋਚੁਲ ਦੇ ਦਫਤਰ ਵਿਚ ਏਸ਼ੀਆਈ ਅਮਰੀਕੀ ਅਤੇ ਪ੍ਰਸ਼ਾਂਤ ਟਾਪੂ ਮਾਮਲਿਆਂ ਦੇ ਨਿਰਦੇਸ਼ਕ ਸਿਬੂ ਨਾਇਰ ਨੇ ਨੇ ਦਸਿਆ ਕਿ ਉਹ ਹਲਕੇ ਹਰੇ ਰੰਗ ਦੀ ਕਾਰ ਚਲਾ ਰਹੇ ਸਨ ਅਤੇ ਉਨ੍ਹਾਂ ਨੂੰ ਆਖਰੀ ਵਾਰ ਪੈਨਸਿਲਵੇਨੀਆ ਦੇ ਏਰੀ 'ਚ ਇਕ ਫਾਸਟ ਫੂਡ ਜੁਆਇੰਟ ਵਿਚ ਵੇਖਿਆ ਗਿਆ ਸੀ।

# ਆਇਰਲੈਂਡ 'ਚ ਪੰਜਾਬੀ ਟੈਕਸੀ ਡਰਾਈਵਰ 'ਤੇ ਨਸਲੀ ਹਮਲਾ

## * ਹਮਲਾਵਰਾਂ ਨੇ ਸਿਰ ਵਿੱਚ ਬੋਤਲਾਂ ਮਾਰ ਕੇ ਕੀਤਾ ਲਹੂ-ਲੁਹਾਣ




ਡਬਲਿਨ : ਮੁਸਾਫ਼ਰ ਬਣ ਕੇ ਟੈਕਸੀ ਵਿਚ ਬੈਠੇ ਦੋ ਜਣਿਆਂ ਨੇ ਲਖਵੀਰ ਸਿੰਘ ਨੂੰ ਜਾਨੋ ਮਾਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਲਖਵੀਰ ਸਿੰਘ ਆਪਣੀ ਜਾਨ ਬਚਾਉਣ ਲਈ ਲੋਕਾਂ ਦੇ ਦਰਵਾਜ਼ੇ ਖੜਕਾਉਂਦਾ ਰਿਹਾ ਪਰ ਕੋਈ ਮਦਦ ਵਾਸਤੇ ਨਾ ਆਇਆ ਅਤੇ ਆਖਰਕਾਰ ਹਮਲਾਵਰ ਉਸ ਨੂੰ ਲਹੂ-ਲੁਹਾਣ ਹਾਲਤ ਵਿਚ ਛੱਡ ਕੇ ਚਲੇ ਗਏ। 23 ਸਾਲ ਤੋਂ ਆਇਰਲੈਂਡ ਵਿਚ ਰਹਿ ਰਹੇ ਲਖਵੀਰ ਸਿੰਘ ਨੇ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ 20-21 ਸਾਲ ਦੇ ਦੋ ਨੌਜਵਾਨ ਉਸ ਦੀ ਟੈਕਸੀ ਵਿਚ ਬੈਠੇ ਅਤੇ ਪੌਪਿਨਟ੍ਰੀ ਇਲਾਕੇ ਵੱਲ ਚੱਲਣ ਲਈ ਆਖਿਆ।

ਮੰਜ਼ਿਲ 'ਤੇ ਪੁੱਜਣ ਮਗਰੋਂ ਦੋਵੇਂ ਜਣੇ ਟੈਕਸੀ ਵਿਚੋਂ ਉਤਰੇ ਅਤੇ ਡਰਾਈਵਰ ਸੀਟ ਵਾਲਾ ਦਰਵਾਜ਼ਾ ਖੋਲ੍ਹ ਕੇ ਲਖਵੀਰ ਸਿੰਘ ਨੂੰ ਬਾਹਰ ਖਿੱਚ ਲਿਆ। ਇਸੇ ਦੌਰਾਨ ਇਕ ਹਮਲਾਵਰ ਨੇ ਬੋਤਲ ਨਾਲ ਲਖਵੀਰ ਸਿੰਘ ਦੇ ਸਿਰ 'ਤੇ ਵਾਰ ਕਰ ਦਿਤਾ। ਦੋਵੇਂ ਜਣੇ ਲਖਵੀਰ ਸਿੰਘ ਨੂੰ ਆਪਣੇ ਮੁਲਕ ਵਾਪਸ ਜਾਣ ਵਾਸਤੇ ਆਖ ਰਹੇ ਸਨ ਅਤੇ ਇਹੋ ਸ਼ਬਦ ਦੁਹਰਾਉਂਦੇ ਹੋਏ ਮੌਕੇ ਤੋਂ ਫ਼ਰਾਰ ਹੋ ਗਏ। ਬੁਰੀ ਤਰ੍ਹਾਂ ਜ਼ਖਮੀ ਲਖਵੀਰ ਸਿੰਘ ਨੇ ਕਿਸੇ ਤਰੀਕੇ 999 'ਤੇ ਕਾਲ ਕੀਤੀ ਅਤੇ ਕੁਝ ਦੇਰ ਬਾਅਦ ਪੈਰਮੈਡਿਕਸ ਮੌਕੇ 'ਤੇ ਪੁੱਜ ਗਏ। ਦੋ ਬੱਚਿਆਂ ਦੇ ਪਿਤਾ ਲਖਵੀਰ ਸਿੰਘ ਨੂੰ ਬਿਊਮੌਂਟ ਹਸਪਤਾਲ ਦਾਖਲ ਕਰਵਾਇਆ ਗਿਆ ਅਤੇ ਪਰਵਾਰਕ ਮੈਂਬਰ ਵੀ ਉਥੇ ਪੁੱਜ ਗਏ। ਆਇਰਲੈਂਡ ਪੁਲਿਸ ਵੱਲੋਂ ਡਬਲਿਨ ਦੇ ਪੌਪਿਨਟ੍ਰੀ ਇਲਾਕੇ ਵਿਚ ਵਾਪਰੀ ਵਾਰਦਾਤ ਦੀ ਪੜਤਾਲ ਕੀਤੀ ਜਾ ਰਹੀ ਹੈ।

ਇਥੇ ਦਸਣਾ ਬਣਦਾ ਹੈ ਕਿ ਲਖਵੀਰ ਸਿੰਘ ਪਿਛਲੇ 10 ਸਾਲ ਤੋਂ ਡਬਲਿਨ ਵਿਚ ਟੈਕਸੀ ਚਲਾ ਰਿਹਾ ਹੈ ਪਰ ਕਦੇ ਵੀ ਅਜਿਹੀ ਘਟਨਾ ਨਹੀਂ ਵਾਪਰੀ। ਅਚਨਚੇਤ ਹੋਏ ਹਮਲੇ ਮਗਰੋਂ ਲਖਵੀਰ ਸਿੰਘ ਅਤੇ ਉਸ ਦਾ ਪਰਵਾਰ ਘਬਰਾਇਆ ਹੋਇਆ ਹੈ। ਫਿਲਹਾਲ ਲਖਵੀਰ ਸਿੰਘ ਟੈਕਸੀ ਨਹੀਂ ਚਲਾ ਰਿਹਾ ਪਰ ਭਾਰਤ ਵਾਪਸੀ ਕਰਨੀ ਵੀ ਸੰਭਵ ਨਹੀਂ। ਉਧਰ ਭਾਰਤੀ ਅੰਬੈਸੀ ਵੱਲੋਂ ਆਪਣੇ ਨਾਗਰਿਕਾਂ ਨੂੰ ਦੇਰ ਰਾਤ ਸੁੰਨੇ ਇਲਾਕਿਆਂ ਵੱਲ ਨਾ ਜਾਣ ਦਾ ਸੁਝਾਅ ਦਿਤਾ ਗਿਆ ਹੈ। ਅੰਬੈਸੀ ਨੇ ਕਿਹਾ ਕਿ ਆਇਰਲੈਂਡ ਵਿਚ ਭਾਰਤੀਆਂ ਉਤੇ ਨਸਲੀ ਹਮਲਿਆਂ ਵਿਚ ਵਾਧਾ ਹੋਇਆ ਹੈ ਅਤੇ ਇਸ ਬਾਰੇ ਸਥਾਨਕ ਪੁਲਿਸ ਪ੍ਰਸ਼ਾਸਨ ਲਗਾਤਾਰ ਸੰਪਰਕ ਵਿਚ ਹੈ। ਅੰਬੈਸੀ ਵੱਲੋਂ ਇਕ ਐਮਰਜੰਸੀ ਨੰਬਰ 08994 23734 ਜਾਰੀ ਕਰਦਿਆਂ ਹੰਗਾਮੀ ਹਾਲਾਤ ਵਿਚ ਇਸ ਰਾਹੀਂ ਸੰਪਰਕ ਕਰਨ ਵਾਸਤੇ ਆਖਿਆ ਗਿਆ ਹੈ। ਚੇਤੇ ਰਹੇ ਕਿ ਕੁਝ ਦਿਨ ਪਹਿਲਾਂ ਭਾਰਤੀ ਵਿਗਿਆਨੀ ਸੰਤੋਸ਼ ਯਾਦਵ ਨੂੰ ਵੀ ਡਬਲਿਨ ਵਿਖੇ ਨਿਸ਼ਾਨਾ ਬਣਾਇਆ ਗਿਆ ਜਦੋਂ ਉਹ ਰਾਤ ਦਾ ਖਾਣਾ ਖਾ ਕੇ ਸੈਰ ਕਰਨ ਨਿਕਲਿਆ। ਸੰਤੋਸ਼ ਯਾਦਵ ਦੇ ਮਾਮਲੇ ਵਿਚ ਆਇਰਿਸ਼ ਅਧਿਕਾਰੀਆਂ ਨੇ ਕਿਹਾ ਕਿ ਉਹ ਨਵਾਂ ਨਵਾਂ ਮੁਲਕ ਵਿਚ ਆਇਆ ਸੀ ਪਰ ਲਖਵੀਰ ਸਿੰਘ ਦੇ ਮਾਮਲੇ ਵਿਚ ਇਹ ਦਲੀਲ ਨਹੀਂ ਦਿਤੀ ਜਾ ਸਕਦੀ ਜੋ 23 ਸਾਲ ਤੋਂ ਆਇਰਲੈਂਡ ਵਿਚ ਰਹਿ ਰਿਹਾ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS



100% NATURAL PRODUCT
PRODUCT OF CANADA
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop
We Welcome ALL INSURANCE CLAIMS
Specializes In Collision Custom Paint



Jessie Srai
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
- Save Money ...with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.



- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

# ਕੈਮਬ੍ਰਿਜ ਪੰਜਾਬੀ ਖੇਡ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ

## ਕੈਮਬ੍ਰਿਜ ਪੰਜਾਬੀ ਖੇਡ ਮੇਲੇ ਦੀਆਂ ਝਲਕੀਆਂ



ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjer
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

# ਜਦੋਂ ਬੰਦੇ ਵਸਤੂਆਂ ਬਣ ਜਾਣ !



ਇਹ ਤਾਂ ਸੁਣਦੇ ਆਏ ਹਾਂ ਕਿ ਵਸਤੂਆਂ ਦੇ ਦਿਲ ਨਹੀਂ ਹੁੰਦੇ, ਕਿਉਂਕਿ ਉਹਨਾਂ ਵਿੱਚ ਜਾਨ ਨਹੀਂ ਹੁੰਦੀ। ਜਿਹਨਾਂ ਦੇ ਵਿੱਚ ਦਿਲ ਤੇ ਜਾਨ ਹੁੰਦੀ ਹੈ। ਕੀ ਉਹ ਬੰਦੇ ਹੁੰਦੇ ਹਨ? ਹੁਣ ਵਸਤੂਆਂ ਤੇ ਬੰਦਿਆਂ ਦੇ ਵਿਚਲਾ ਫ਼ਰਕ ਮਿੱਟ ਗਿਆ ਹੈ । ਹੁਣ ਅਸੀਂ ਡਰਾਮੇ ਕਰਦੇ ਹਾਂ, ਕਿਸੇ ਨਾਟਕ ਦੇ ਵਾਂਗ ਕਿਰਦਾਰ ਬਦਲਦੇ ਹਾਂ ।

ਜਿਨ੍ਹਾਂ ਸਮਿਆਂ 'ਚ ਹੁਣ ਅਸੀਂ ਜ਼ਿੰਦਗੀ ਜਿਉਣ ਰਹੇ ਹਾਂ, ਇਹ ਜ਼ਿੰਦਗੀ ਨਹੀਂ, ਇਹ ਭਰਮ ਹੈ। ਸਾਡੀ ਚੇਤਨਾ ਮਰ ਗਈ ਹੈ ਤੇ ਅਸੀਂ ਦੀਆਂ ਤੁਰਦੀਆਂ ਫਿਰਦੀਆਂ ਲਾਸ਼ਾਂ ਹਾਂ। ਇਹ ਲਾਸ਼ਾਂ ਹੁਣ ਵਸਤੂਆਂ ਬਣ ਗਈਆਂ ਹਨ। ਵਸਤੂਆਂ ਵਿਚ ਜਾਨ ਨਹੀਂ ਹੁੰਦੀ। ਉਹ ਤਾਂ ਇਸ਼ਾਰੇ ਤੇ ਕੰਮ ਕਰਦੀਆਂ ਹਨ। ਉਨ੍ਹਾਂ 'ਚ ਚੇਤਨਾ ਨਹੀਂ ਹੁੰਦੀ। ਇਨ੍ਹਾਂ ਸਮਿਆਂ ਚ ਅਸੀਂ ਵੀ ਵਸਤੂਆਂ ਬਣ ਗਏ ਹਾਂ। ਅਸੀਂ ਵਸਤੂਆਂ ਤੋਂ ਵੋਟਰ ਬਣ ਗਏ ਹਾਂ। ਵੋਟਰ ਤੋਂ ਪਰਚੀ। ਅਸੀਂ ਸਿਆਸਤ ਲਈ ਉਤਪਾਦਨ ਕਰਦੇ ਹਾਂ, ਭੁੱਖੇ ਮਰਦੇ ਹਾਂ। ਹੁਣ ਮਸਲਾ ਸਿਰੋਂ ਲੰਘਦਾ ਜਾ ਰਿਹਾ ਹੈ। ਹੁਣ ਤਾਂ ਮਨੁੱਖੀ ਜ਼ਿੰਦਗੀ ਦੀ ਹੋਂਦ ਨੂੰ ਬਚਾਉਣ ਘਰਾਂ ਵਿਚੋਂ ਉਠਣਾ ਪਵੇਗਾ। ਨਹੀਂ ਤਾਂ ਇਸ ਕਵਿਤਾ ਵਰਗਾ ਹਾਲ ਹੋਵੇਗਾ। ਕਵਿਤਾ ਚੇਤੇ ਆ ਰਹੀ ਹੈ-

ਪਹਿਲਾਂ ਉਹ ਯਹੂਦੀਆਂ ਲਈ ਆਏ
ਤੇ ਮੈਂ ਕੁੱਝ ਨਾ ਬੋਲਿਆ
ਕਿਉਂਕਿ ਮੈਂ ਯਹੂਦੀ ਨਹੀਂ ਸੀ
ਫਿਰ ਉਹ ਕਮਿਊਨਿਸਟਾਂ ਦਾ ਖ਼ੂਨ ਪੀਣ ਆਏ
ਮੈਂ ਚੁੱਪ ਰਿਹਾ
ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ
ਫਿਰ ਉਹ ਪਰੋਟੈਸਟਾ ਨੂੰ ਮਾਰਨ ਆਏ
ਇਸ ਵਾਰ ਵੀ ਮੈਂ ਨਾ ਬੋਲਿਆ ਇੱਕ ਵੀ ਸ਼ਬਦ
ਕਿਉਕਿ ਮੈਂ ਪਰੋਟੈਸਟ ਨਹੀਂ ਸੀ
ਅੰਤ ਵਿੱਚ ਆਏ ਉਹ ਮੇਰੇ ਲਈ
ਤੇ ਹੋਰ ਕੋਈ ਨਹੀਂ ਸੀ
ਜੋ ਮੇਰੇ ਲਈ ਬੋਲਦਾ

ਇਹ ਕਵਿਤਾ ਅੱਜ ਸਾਡੇ ਸਮਿਆਂ ਦੀ ਬਾਤ ਪਾਉਂਦੀ ਹੈ। ਭਾਵੇਂ ਸਮਾਂ ਤਕਨਾਲੋਜੀ ਦਾ ਆ ਗਿਆ ਹੈ ਪਰ ਅਸੀਂ ਸਾਡੀ ਸੋਚ ਤੇ ਸਮਝ ਰੂੜੀਵਾਦੀ ਹੈ। ਅਸੀਂ ਹੁਣ ਆਪਣੇ ਤੇ ਨਹੀਂ ਸਗੋਂ ਉਨਾਂ ਤੇ ਭਰੋਸਾ ਕਰਦੇ ਹਾਂ ਜਿਹੜੇ ਸਾਡੀ ਸੋਚ ਨੂੰ ਪੁਰਾਤਨ ਸਮਿਆਂ ਦੀ ਬਣਾਉਂਣ ਲੱਗੇ ਹਨ ਤੇ ਅਸੀਂ ਮੋਦੀ ਦੇ ਚਾਰ ਬਾਂਦਰ ਬਣ ਕੇ ਰਹਿ ਗਏ ਹਾਂ। ਬੋਲਣਾ ਨਹੀ, ਦੇਖਣਾ ਨਹੀਂ, ਸੁਣਨਾ ਨਹੀਂ ਤੇ ਕੁੱਝ ਕਰਨਾ ਨਹੀਂ। ਬਸ ਡਰ ਡਰ ਕੇ ਦਿਨ ਕਟੀ ਕਰਨੀ ਹੈ। ਇਸੇ ਕਰਕੇ ਸਾਨੂੰ ਭਿਖਾਰੀ ਸਮਝਿਆਜ਼ਾ ਰਿਹਾ। ਸਾਨੂੰ ਭੀਖ ਦੇਣ ਦੀਆਂ ਗੱਲਾਂ ਹੁੰਦੀਆਂ ਹਨ। ਸਿਆਸੀ ਪਾਰਟੀਆਂ ਦੇ ਵਿੱਚ ਮੁਕਾਬਲਾ ਚੱਲ ਰਿਹਾ ਭਿਖਾਰੀਆਂ ਨੂੰ ਵੱਧ ਤੋਂ ਵੱਧ ਭੀਖ ਦੇਣ ਕੌਣ ਦੇਵੇਗਾ। ਸਾਨੂੰ ਰੁਜ਼ਗਾਰ, ਸਿਹਤ, ਸਿੱਖਿਆ ਤੇ ਜੀਵਨ ਸੁਰੱਖਿਆ ਕੌਣ ਦੇਵੇਗਾ? ਕੋਈ ਨਹੀਂ ਦੱਸਦਾ ਸਭ ਵੋਟਾਂ ਲਈ ਸਾਨੂੰ ਲਾਲਚ ਦੇਦੇ ਹਨ। ਸਾਡੇ ਕੋਲੋਂ ਕਿਰਤ ਵੀ ਖੋਈ ਜਾ ਰਹੀ ਤੇ ਕਿਰਤ ਨੂੰ ਲੁੱਟ ਕੇ ਧਨਾਡ ਵਿਦੇਸ਼ਾਂ ਵੱਲ ਲਈ ਜਾ ਰਹੇ ਹਨ।

ਅਸੀਂ ਸੁਪਨਿਆਂ ਦੇ ਰੇਤ ਦੇਮਹਿਲ ਉਸਾਰ ਰਹੇ ਹਾਂ। ਤਾਬੂਤਾਂ ਵਿਚ ਘਰ ਪਰਤਦੇ ਹਾਂ ਜਾਂ ਲਵਾਰਿਸ ਲਾਸ਼ਾਂ ਬਣ ਕੇ ਸਿਵਿਆਂ ਵਿੱਚ ਸੜਦੇ ਹਾਂ। ਦੰਗਿਆਂ ਵਿਚ ਮਰਦੇ ਹਾਂ ਜਾਂ ਮਾਰੇ ਜਾ ਰਹੇ ਹਾਂ। ਸਾਡੇ ਹੱਥ ਵੱਢੇ ਜਾ ਰਹੇ ਨੇ ਅਸੀਂ ਬੁੱਤਾਂ ਦੇ ਡੇਗਣ ਦੇ ਹੀ ਕੀਰਨੇ ਪਾਈ ਜਾ ਰਹੇ ਹਾਂ ਪਰ ਅਸੀਂ ਭੁੱਲ ਗਏ ਹਾਂ ਕਿ ਸਾਡੀ ਵੀ ਵਾਰੀ ਆਉਣ ਵਾਲੀ ਹੈ। ਅਸੀਂ ਤਾਂ ਮੀਟਿੰਗਾਂ, ਧਰਨੇ ਤੇ ਰੈਲੀਆਂ ਕਰਨ ਵਾਲੇ ਬੁੱਤ ਹੀ ਤਾਂ ਹਾਂ।

ਅਸੀਂ ਹੁਣ ਅਜਿਹੇ ਸਮਿਆਂ ਵਿੱਚ ਪੁਜ ਗਏ ਹਾਂ ਜਿੱਥੇ ਅਸੀਂ ਨਾ ਬੋਲ ਸਕਦੇ ਹਾਂ ਨਾ ਦੇਖ ਸਕਦੇ ਹਾਂ ਸਿਰਫ ਸੁਣ ਸਕਦੇ ਹਾਂ। ਸਾਡੇ ਮੂੰਹਾਂ ਨੂੰ ਛਿੱਕਲੀਆਂ ਬੰਨ੍ਹ ਦਿੱਤੀਆਂ ਹਨ, ਅਸੀਂ ਜੁਗਾਲੀ ਕਰਨ ਜੋਗੇ ਰਹਿ ਗਏ ਹਾਂ। ਅਸੀਂ ਜੁਗਾਲੀ ਕਰ ਰਹੇ ਹਾਂ ਤੇ ਆਸਥਾ ਦਾ ਕੀਰਤਨ ਸੁਨਣ ਜੋਗੇ ਰਹਿ ਗਏ ਹਾਂ । ਸਾਡੇ ਅੰਦਰੋਂ ਮਨੁੱਖ ਮਰ ਗਿਆ ਹੈ। ਜਿਹਨਾਂ ਦੇ ਅੰਦਰ ਮਨੁੱਖ ਜਿਉਂਦਾ ਉਸ ਨੂੰ ਮਾਰ ਰਹੇ ਹਨ । ਬਾਕੀ ਮਰਨ ਦੀ ਉਡੀਕ ਚ ਘਰਾਂ ਵਿੱਚ ਬੈਠੇ ਹਨ। ਉਪਰੋਕਤ ਕਵਿਤਾ ਫਿਰ ਦੁਰਹਾਈ ਜਾ ਰਹੀ ਹੈ।

ਪਰ ਹਾਲਾਤ ਦਿਨੋਂ ਦਿਨ ਖਰਾਬ ਹੋ ਰਹੇ ਹਨ. ਸਾਡੇ ਹਥੇਲੀ ਉਤੇ ਅੱਗ ਰੱਖੀ ਜਾ ਰਹੀ ਹੈ, ਸਾਨੂੰ ਫਿਰ ਭਰਾ ਮਾਰੂ ਲੜਾਈ ਵਲ ਤੋਰਿਆ ਜਾ ਰਿਹਾ ਹੈ. ਧਰਮ ਦਾ ਪਾਠ ਪੜਾਇਆ ਜਾ ਰਿਹਾ ਹੈ।

ਅਸੀਂ ਖੇਤਾਂ ਵਿੱਚ ਫਸਲ ਬੀਜੀ ਤੇ ਅਸੀਂ ਅੰਨਦਾਤੇ ਬਣੇ, ਹੱਕ ਮੰਗੇ ਤਾਂ ਘਰਾਂ ਤੇ ਖੇਤਾਂ ਵਿੱਚ ਹਥਿਆਰਾਂ ਦੀ ਫਸਲ ਬੀਜ ਦਿਤੀ ਅਸੀਂ ਆਪਣੇ ਆਪ ਦੇ ਕਾਤਲ ਬਣਗੇ.ਫਿਰ ਨਸ਼ੇ ਦਾ ਬੀਜ ਬੀਜਿਆ ਤੇ ਚਿੱਟਾ ਘਰ ਘਰ ਉਗ ਪਿਆ. ਅਸੀਂ ਨਾ ਸਮਝ ਸਕੇ. ਸਿਵਿਆ ਤੇ ਡੇਰਿਆ ਦੇ ਵਿੱਚ ਰੌਣਕ ਮੇਲੇ ਵਧੇ. ਅਸੀਂ ਚੁਪ ਰਹੇ। ਸਾਨੂੰ ਗੂੰਗੇ ਕਿਸ ਨੇ ਬਣਾਇਆ ? ਸਾਡੀ ਕਿਰਤ ਖੋ ਕੇ ਸਾਨੂੰ ਭਿਖਾਰੀ ਬਣਾ ਕੇ ਆਟੇ ਦਾਲ ਲਈ ਲਾਇਨਾ ਵਿੱਚ ਲਗਾਇਆ । ਮੈਨੂੰ ਇਲਤੀ ਬਾਬੇ ਕਵਿਤਾ ਚੇਤੇ ਆ ਗਈ ਹੈ ਤੁਸੀਂ ਵੀ ਸੁਣ ਲਵੋ।

ਕਵਿਤਾ
ਕੇਹੀ ਹੋਣੀ ਹੈ ?
ਕਿਰਤੀ ਤੋ ਭਿਖਾਰੀ
ਭਿਖਾਰੀ ਤੋ ਵੋਟਰ
ਵੋਟਰ ਤੋ ਨਸ਼ੇੜੀ
ਨਸ਼ੇੜੀ ਬੇਰੁਜ਼ਗਾਰ
ਸਿਆਸਤ ਕਰੇ ਵਪਾਰ
ਅਸੀਂ ਲਾਚਾਰ
ਬਣੇ ਨਚਾਰ
ਨੱਚ ਲੈ ਨੱਚ ਲੈ ਕਰੇ ਸਿਆਸਤਦਾਨ
ਸਿਆਸਤ ਜਿਹੇ ਜਿਵੇਂ ਨਚਾਵੇ
ਅਸੀਂ ਨੱਚੀ ਜਾਂਦੇ ਹਾਂ
ਤੇ ਮੱਚੀ ਜਾਂਦੇ ਹਾਂ
ਸਾਡਾ ਮੱਚ ਮਰ ਗਿਆ ਹੈ
ਮਰਿਆਂ ਨੂੰ ਕੌਣ ਯਾਦ ਕਰਦਾ ਹੈ?
ਸਾਨੂੰ ਭਜਾਇਆ ਜਾ ਰਿਹਾ ਹੈ
ਗੈਰਾਂ ਨੂੰ ਸਾਡੇ ਘਰਾਂ ਵਿੱਚ ਵਸਾਇਆ ਜਾ ਰਿਹਾ ਹੈ
ਅਸੀਂ ਭੱਜ ਰਹੇ ਹਾਂ
ਹੁਣ ਸਾਨੂੰ ਮਰਨ ਜਾ ਭੱਜਣ ਲਈ ਕਰ ਦਿਤਾ ਮਜਬੂਰ
ਉਝ ਅਸੀ ਬਹੁਤ ਮਸ਼ਹੂਰ
ਸਾਡੀਆਂ ਹੁੰਦੀਆਂ ਨੇ ਗੱਲਾਂ
ਜ਼ਮੀਨ ਤੇ ਜਮੀਰ ਵੇਚਣ ਲਾ ਦਿਤਾ.
ਹੁਣ ਦੋਵੇ ਵਿਕ ਰਹੀਆਂ ਹਨ.
ਖੇਤਾਂ ਵਿੱਚ ਹੁਣ ਫਸਲਾਂ ਨਹੀਂ
ਇਮਾਰਤਾਂ ਉਗਦੀਆਂ ਹਨ
ਘਰ ਧੁਖਦੇ ਹਨ ਤੇ ਸੁਲਗਦੇ ਹਨ.
ਸਾਨੂੰ ਯੋਧਿਆਂ ਤੋਂ ਭਗੌੜੇ ਬਣਾ ਦਿਤਾ
ਹੁਣ ਸਾਡੀ ਲੋੜ ਨਹੀਂ .
ਪਰ ਜਿਹਨਾਂ ਕੋਲ ਜ਼ਮੀਨ ਨਹੀਂ
ਜਮੀਰ ਬਚੀ ਹੈ ਉਹ ਵੋਟਾਂ ਬਣ ਕੇ ਕੁੱਟ ਖਾਣ ਤੇ ਮਰਨ ਲਈ ਰਹਿ ਗਏ।
ਜਿਹਨਾਂ ਕੋਲ ਭੱਜ ਜਾਣ ਲਈ ਕੁਝ ਨੀ ਉਹ ਹੁਣ ਕੀ ਕਰਨਗੇ ? ਮਰਨਗੇ ।
ਸੋਚੋ ਕਰੋ ਯਾਦ
ਮੇਰੀ ਇਕ ਫਰਿਆਦ
ਮਿਤਰੋ ! ਮਰਨਾ ਸਭ ਨੇ ਹੈ.
ਪਰ ਕੁੱਤੇ ਦੀ ਮੌਤ ਮਰਨ ਨਾਲੋਂ ਯੋਧਿਆਂ ਤੇ ਮੌਤ ਮਰੋ.
ਆਪਣਾ ਵਿਰਸਾ ਤੇ ਵਿਰਾਸਤ ਹੀ ਯੋਧਿਆਂ ਦਾ ਹੈ.
ਹੁਣ ਘਰਾਂ ਵਿੱਚ ਵੋਟਾਂ
ਬਣ ਕੇ ਨਾ ਰਹੋ.
ਯੋਧੇ ਬਣੋ, ਭਗਤ ਸਿੰਘ,
ਬੰਦਾ ਸਿੰਘ ਬਹਾਦਰ, ਹਰੀ ਸਿੰਘ ਨਲੂਆ, ਸ਼ਾਮ ਸਿੰਘ ਅਟਾਰੀ ਤੇ ਜੱਸਾ ਸਿੰਘ ਰਾਮਗੜ੍ਹੀਆ ਬਣੋ।
ਆਪਣੇ ਆਪ ਦੀ ਪਛਾਣ ਕਰੋ.
ਨਹੀਂ
ਅੱਜ ਨਹੀਂ ਤੇ ਕੱਲ੍ਹ ਨੂੰ ਸਾਡੀ ਵਾਰੀ ਹੈ।
ਹੁਣ ਲੜਾਈ ਹਥਿਆਰਾਂ ਦੀ ਨਹੀਂ
ਵਿਚਾਰਾਂ ਦੀ ਹੈ, ਵਿਚਾਰ ਪੈਦਾ ਕਰਨ ਲਈ ਸ਼ਬਦ ਗੁਰੂ ਨਾਲ ਜੁੜੋ, ਪੜ੍ਹੋ ਤੁਰੋ ਤੇ ਸੰਗਠਿਤ ਹੋ ਕੇ ਸੰਘਰਸ਼ ਕਰੋ
ਸੋਚੋ ਤੁਸੀਂ ਤੇ ਵਿਚਾਰ ਕਰੋ
ਇਕ ਦੂਜੇ ਨਾਲ ਵੈਰ ਨਹੀਂ
ਪਿਆਰ ਕਰੋ
ਤੁਸੀਂ ਹਰ ਚੀਜ਼ 'ਤੇ ਟੈਕਸ ਦਿੰਦੇ ਹੋ।
ਪੁਛੋ ਹਾਕਮਾਂ ਨੂੰ ਉਹ ਟੈਕਸ ਕਿਥੇ ਜਾਂਦਾ ਹੈ ?
ਤੁਸੀਂ ਭਿਖਾਰੀ ਨੀ ਦਾਤੇ ਹੋ.
ਭਿਖਾਰੀ ਤਾਂ ਉਹ ਹਨਜੋ ਆਖਦੇ ਹਨ ਕਿ ਖਜ਼ਾਨਾ ਖਾਲੀ ਹੈ, ਇਹ ਖਾਲੀ ਕਿਸ ਨੇ ਕੀਤਾ ਹੈ?
ਕੌਣ ਹੈ ਖਜ਼ਾਨੇ ਦਾ ਮਾਲਕ ਤੇ
ਕੌਣ ਹੈ ਲੁਟੇਰਾ ?
ਪਹਿਚਾਣ ਕਰੋ।
ਸਿਆਸਤਦਾਨ ਹਨ ਲੁਟੇਰੇ
ਅਫਸਰਸ਼ਾਹੀ ਭਾਈਵਾਲ ਹਨ
ਜਦੋਂ ਤੱਕ
ਪੁਜਾਰੀ, ਵਪਾਰੀ, ਅਧਿਕਾਰੀ
ਤੇ ਸਿਆਸਤਦਾਨ ਦੀ ਯਾਰੀ ਹੈ.
ਤਾਂ ਤੁਸੀਂ ਭਿਖਾਰੀ ਹੀ ਰਹੋਗੇ.
ਸਮਝਦੇ ਹੋ ਇਹ ਸਚੁ ਤਾਂ
ਜਰੂਰ ਕਰੋ ਵਿਚਾਰ ਤੇ ਸੋਚੋ .
ਬਾਕੀ ਤੁਹਾਡੀ ਮਰਜ਼ੀ ਹੈ ?
ਪਰ ਹੁਣ ਵਾਰੀ ਸਾਡੀ ਨਹੀਂ
ਤੇ ਤੁਹਾਡੀ ਹੈ।
ਬਹੁਤ ਸਹਿ ਲਿਆ ਤੇ
ਬਹੁਤ ਜਰ ਲਿਆ
ਬਹੁਤ ਮਰ ਲਿਆ
ਹੁਣ ਜਿਉਣਾ
ਤੇ ਸੀਣਾਂ ਸਿੱਖੋ
ਉਹ ਗੁਰੂ ਦੇ ਸਿੱਖੋ
ਹੁਣ ਬਾਣੀ ਤੇ ਬਾਣੇ ਦੇ ਅਰਥ ਸਮਝੋ
---
ਬੁੱਧ ਬੋਲ, ਕੋਈ ਅਗਲਾ ਵਰਕਾ ਫੋਲ
ਪੋਲ ਖੋਲ ਨਾ ਘੱਟ ਤੋਲ ਕੱਢ ਦੇ ਝੋਲ
ਵਜਾ ਢੋਲ ਮਾਜਦੇ ਡੋਲ
ਲੁੱਟਮਾਰ ਕਰਨ ਵਾਲੇ ਭੇਸ ਬਦਲ ਕੇ ਆ ਗਏ
ਕਰ ਵਿਚਾਰ ਚੁੱਕ ਸ਼ਾਸਤਰ ਤੇ ਸਸ਼ਤਰ
ਕਰ ਵਿਰਸਾ ਤੇ ਵਿਰਾਸਤ ਯਾਦ
ਬਣ ਪਹਿਰੇਦਾਰ ਆਪਣੇ ਘਰ ਨੂੰ ਬਚਾ !
ਤੂੰ ਵੋਟ ਨਹੀਂ ਤੂੰ ਵਸਤੂਆਂ ਨਹੀਂ
ਤੂੰ ਬੰਦਾ ਹੈ
ਤਾਂ ਬੰਦਿਆਂ ਵਾਲੇ ਕੰਮ ਕਰ
ਨਾ ਡਰ, ਨਾ ਬਿਨ ਮੌਤ ਰੋਜ਼ ਮਰ
ਬੰਦਾ ਸਿੰਘ ਬਹਾਦਰ ਬਣ
ਖੜਕਾ ਦੇ ਸਰਹੰਦ ਦੀ
ਇੱਟ ਨਾਲ ਇੱਟ !



ਬੁੱਧ ਸਿੰਘ ਨੀਲੋਂ
94643 70823

## (ਸਬਰ, ਸਮਾਂ ਤੇ ਸਦਮਾ)

ਕਹਿੰਦੇ ਨੇ ਕਿ
ਔਰਤ ਸਬਰ ਸੰਤੋਖ ਦੀ ਮੂਰਤ ਹੈ
ਸਹਿਣਾ ਹੀ ਉਸਦੇ ਹਿੱਸੇ
ਆਇਆ ਹੈ ਸ਼ਾਇਦ
ਸਹਿੰਦੀ ਰਹਿੰਦੀ ਹੈ
ਕਦ ਤੱਕ
ਇੱਕ ਦਿਨ ਸਹਿੰਦੇ ਸਹਿੰਦੇ
ਉਸਦੀ ਮਾਨਸਿਕ ਤੇ ਸ਼ਰੀਰਿਕ ਸ਼ਕਤੀ
ਜਵਾਬ ਦੇ ਦਿੰਦੀ ਹੈ ਪਰ
ਉਹ ਜ਼ਿੰਦਗੀ ਦੇ ਆਖਿਰੀ ਪਲਾਂ ਤੱਕ
ਸਹਿੰਦੀ ਰਹਿੰਦੀ ਹੈ
ਇੰਤਜ਼ਾਰ ਕਰਦੀ ਹੈ ਕਿ
ਸਮੇਂ ਨਾਲ ਸੱਭ ਠੀਕ ਹੋ ਜਾਂਦਾ ਹੈ
ਪਰ ਕਦ ਤੱਕ
ਸਮਾਂ ਕਦੀ ਰੁਕਦਾ ਨਹੀਂ
ਖਿਸਕਦਾ ਰਹਿੰਦਾ ਹੈ
ਸਮਾਂ ਨਾ ਰਿਹਾ ਤੇ ਕੀ ਕਰੋਗੇ
ਕਿਸੇ ਦੇ ਸਬਰ ਦਾ ਐਨਾ ਇਮਤਿਹਾਨ ਨਾ ਲਉ
ਕਿ ਸਮਾਂ ਹੀ ਖਿਸਕਦਾ ਜਾਏ
ਸਮਾਂ ਹੀ ਨਾ ਰਿਹਾ ਤਾਂ ਕੀ ਕਰੋਗੇ ਫਿਰ ।
ਸਹਿੰਦੇ ਸਹਿੰਦੇ ਉਸਦਾ ਸਬਰ ਵੀ
ਜਵਾਬ ਦੇ ਦਿੰਦਾ ਹੈ ਇਕ ਦਿਨ
ਉਧਰ ਸਮਾਂ ਵੀ ਹੱਥੋਂ ਫਿਸਲਦਾ ਰਿਹਾ
ਉਸਦਾ ਰੁਦਨ, ਵਿਰਲਾਪ,
ਪੀੜਾ, ਹੌਕੇ ਰਾਤ ਦੇ ਅੰਧੇਰੇ
ਵਿੱਚ ਹੀ ਗੁੰਮ ਹੋ ਕੇ
ਰਹਿ ਜਾਂਦੇ ਹਨ ਤੇ
ਇੱਕ ਦਿਨ ਐਨੇ ਸਦਮੇ ਨਾ
ਸਹਾਰਦੀ ਹੋਈ ਔਰਤ
ਟੁੱਟ ਜਾਂਦੀ ਹੈ, ਬਿਖਰ ਜਾਂਦੀ ਹੈ
ਧੁਰੋਂ ਬੁਲਾਵਾ ਆ ਜਾਂਦਾ ਹੈ
ਤੇ ਮੌਤ ਆਪਣੇ ਕਲਾਵੇ ਵਿਚ
ਲੈ ਲੈਂਦੀ ਹੈ, ਉਹ ਸਦਾ ਲਈ
ਸਕੂਨ ਦੀ ਨੀਂਦ ਸੌਂ ਜਾਂਦੀ ਹੈ।

(ਰਮਿੰਦਰ ਰੰਮੀ)

# ਸ਼ਮਸ਼ਾਨ ਜਾਣ ਦਾ ਸ਼ੌਂਕ...

ਜਦੋਂ ਮੈਂ ਛੋਟਾ ਸੀ, ਮੈਨੂੰ ਸ਼ਮਸ਼ਾਨ ਜਾਣ ਦਾ ਸ਼ੌਂਕ ਸੀ। ਮੈਨੂੰ ਸ਼ਮਸ਼ਾਨ ਤੋਂ ਬਹੁਤ ਕੁਝ ਮਿਲਿਆ। ਪਿੰਡ ਵਿੱਚ ਕੋਈ ਵੀ ਮਰੇ ਇਸ ਨਾਲ ਮੈਨੂੰ ਮਤਲਬ ਨਹੀਂ ਸੀ, ਮੈਂ ਹਰ ਕਿਸੇ ਦੀ ਅਰਥੀ ਨਾਲ ਜਾਂਦਾ ਸੀ। ਜਦੋਂ ਮੈਂ ਸਕੂਲ ਨਾ ਪਹੁੰਚਦਾ, ਤਾਂ ਮੇਰੇ ਅਧਿਆਪਕ ਸਮਝ ਜਾਂਦੇ ਕਿ ਕੋਈ ਮਰ ਗਿਆ ਹੋਵੇਗਾ ਪਿੰਡ ਵਿੱਚ। ਜੇ ਮੈਂ ਘਰ ਰੋਟੀ ਦੇ ਵੇਲੇ ਨਾ ਪਹੁੰਚਦਾ, ਤਾਂ ਘਰ ਦੇ ਲੋਕ ਜਾਣ ਜਾਂਦੇ ਕਿ ਕੋਈ ਮਰ ਗਿਆ ਹੋਵੇਗਾ। ਪਿੰਡ ’ਚ ਜਾਓ, ਭੇਜੋ ਕਿਸੇ ਨੂੰ ਸ਼ਮਸ਼ਾਨ, ਫੜ੍ਹ ਕੇ ਲਿਆਓ! ਜਦੋਂ ਵੀ ਕੋਈ ਮਰਦਾ ਸੀ, ਮੈਂ ਉਸਦੇ ਨਾਲ ਸ਼ਮਸ਼ਾਨ ਜਾਂਦਾ ਸੀ। ਸ਼ਮਸ਼ਾਨ ਜਾ ਕੇ ਹੈਰਾਨੀ ਦੀਆਂ ਗੱਲਾਂ ਮੈਨੂੰ ਦਿਖਾਈ ਦਿੰਦੀਆਂ ਸਨ।

ਉੱਧਰ ਆਦਮੀ ਸੜ ਰਿਹਾ ਹੈ ਅਤੇ ਲੋਕ ਉੱਥੇ ਬੈਠੇ ਦੁਨੀਆਂ ਦੀ ਗੱਪਸ਼ੱਪ ਕਰ ਰਹੇ ਹਨ। ਇਸਤੋਂ ਮੈਂ ਹਮੇਸ਼ਾ ਹੈਰਾਨ ਹੋਇਆ ਹਾਂ। ਆਦਮੀ ਸੜ ਰਿਹਾ ਹੈ, ਕੱਲ੍ਹ ਤੱਕ ਉਸ ਨਾਲ ਗੱਲਾਂ ਕਰਦੇ ਸਨ, ਉਹ ਉਨ੍ਹਾਂ ਦਾ ਦੋਸਤ ਸੀ, ਉਹ ਉਨ੍ਹਾਂ ਦਾ ਪਿਆਰਾ ਸੀ, ਅੱਜ ਉਹ ਸੜ ਰਿਹਾ ਹੈ, ਉਸਦੀ ਚਿਤਾ ਨੂੰ ਅੱਗ ਲਗਾ ਦਿੱਤੀ ਗਈ ਹੈ, ਹੁਣ ਦੁਆਲੇ ਬੈਠ ਕੇ ਉੱਥੇ ਹੀ ਗੱਪਸ਼ੱਪ ਹੋ ਰਹੀ ਹੈ। ਸੰਸਾਰ ਬਾਰੇ ਗੱਪਸ਼ੱਪ ਹੋ ਰਹੀ ਹੈ ਕਿ ਫਿਲਮ ਕਿਹੜੀ ਲੱਗੀ ਹੈ? ਇਹੋ ਜਿਹੀ ਹੈ? ਫਲਾਣੇ ਬੰਦੇ ਦਾ ਕੀ ਹਾਲ ਹੈ? ਉਹੀ ਬਾਜ਼ਾਰ!

ਉਨ੍ਹਾਂ ਨੂੰ ਯਾਦ ਵੀ ਨਹੀਂ ਆ ਰਹੀ ਕਿ ਇਹ ਮੌਤ ਤੁਹਾਡੀ ਵੀ ਮੌਤ ਹੈ। ਇਹ ਘੜੀ ਤਾਂ ਧਿਆਨ ਦੀ ਸੀ। ਇਹ ਤਾਂ ਬੈਠ ਕੇ ਸੋਚਣ ਦੀ ਸੀ। ਇਹ ਤਾਂ ਚਿੰਤਨ ਦੀ ਸੀ। ਇਹ ਆਦਮੀ ਮਰ ਗਿਆ, ਉਹ ਵੀ ਇਹੀ ਗੱਲ ਕਰਦੇ ਹੋਏ ਮਰ ਗਿਆ ਕਿ ਕਿਹੜੀ ਫਿਲਮ ਕਿੱਥੇ ਲੱਗੀ ਹੈ, ਅਤੇ ਅਸੀਂ ਵੀ ਉਹੀ ਗੱਲਾਂ ਕਰਦੇ ਹੋਏ ਮਰ ਜਾਵਾਂਗੇ। ਪਰ ਮੈਨੂੰ ਹੌਲੀ-ਹੌਲੀ ਸਮਝ ਵਿੱਚ ਆਉਣਾ ਸ਼ੁਰੂ ਹੋਇਆ ਕਿ ਉਹ ਆਪਣੇ ਆਪ ਨੂੰ ਬਚਾਉਣ ਲਈ ਗੱਲਾਂ ਵਿੱਚ ਉਲਝਾ ਰਹੇ ਹਨ। ਇਹ ਆਦਮੀ ਮਰ ਗਿਆ, ਇਹ ਗੱਲ ਦਿਖਾਈ ਨਹੀਂ ਪੈਣੀ ਚਾਹੀਦੀ। ਕਿਉਂਕਿ ਇਹ ਅਸਤ-ਵਿਅਸਤ ਕਰ ਦੇਵੇਗੀ। ਇਹ ਉਨ੍ਹਾਂ ਦੇ ਜੀਵਨ ਦੇ ਢਾਂਚੇ ਨੂੰ ਤੋੜ-ਮਰੋੜ ਦੇਵੇਗੀ। ਉਹਨਾਂ ਨੂੰ ਫਿਰ ਪਰਮਾਤਮਾ ਨੂੰ ਯਾਦ ਕਰਨ ਲਈ ਮਜਬੂਰ ਹੋਣਾ ਪਵੇਗਾ। ਫਿਰ ਦੁਨੀਆਂ ਨੂੰ ਯਾਦ ਕਰਨ ਨਾਲ ਕੰਮ ਨਹੀਂ ਚੱਲੇਗਾ ਕਿਉਂਕਿ ਸੰਸਾਰ ਨੂੰ ਯਾਦ ਕਰਦੇ-ਕਰਦੇ ਰੋਜ਼ ਲੋਕ ਮਰ ਰਹੇ ਹਨ।

ਕਦੋਂ ਤੁਹਾਨੂੰ ਹੋਸ਼ ਆਵੇਗੀ ਕਿ ਅਸੀਂ ਉਸਨੂੰ ਯਾਦ ਕਰੀਏ ਕਿ ਦੁਬਾਰਾ ਮਰਨਾ ਨਾ ਪਵੇ! ਅਤੇ ਅਜਿਹਾ ਸੂਤਰ ਤੁਹਾਡੇ ਅੰਦਰ ਹੈ। ਅਤੇ ਇਹੀ ਤੁਹਾਡੀ ਸੰਭਾਵਨਾ ਹੈ, ਤੁਸੀਂ ਅਮਰਤਾ ਦੇ ਪੁੱਤਰ ਹੋ! ਵੇਦ ਕਹਿੰਦੇ ਹਨ —

ਹੇ ਅੰਮ੍ਰਿਤ ਦੇ ਪੁੱਤਰੋ, ਤੁਸੀਂ ਕਿਉਂ ਮੌਤ ਵਿੱਚ ਉਲਝ ਗਏ ਹੋ? ਜਿਹੜਾ ਸੰਸਾਰ ਵਿੱਚ ਉਲਝਿਆ, ਉਹ ਮੌਤ ਵਿੱਚ ਉਲਝਿਆ ਕਿਉਂਕਿ ਸੰਸਾਰ ਨਾਸ਼ਵਾਨ ਹੈ। ਜਿਸਨੇ ਵੀ ਪ੍ਰਭੂ ਨੂੰ ਯਾਦ ਕੀਤਾ, ਉਹ ਅਮਰ ਹੋਇਆ। ਜਿਵੇਂ ਦਾ ਹੋਣਾ ਹੈ, ਉਹੋ ਜਿਹੇ ਨਾਲ ਹੀ ਸਾਥ ਜੋੜ ਲਓ। ਜਿਵੇਂ ਦਾ ਹੋਣਾ ਹੈ, ਉਸ ਨਾਲ ਹੀ ਦੋਸਤੀ ਕਰ ਲਓ। ਦੋਸਤੀ ਸੋਚ ਸਮਝ ਕੇ ਕਰਨਾ। ਜੀਣਾ ਚਾਹੁੰਦੇ ਹਾਂ ਸਦਾ ਲਈ ਅਤੇ ਜੋ ਸਦਾ ਹੈ ਉਸਦੇ ਨਾਲ ਸਬੰਧ ਨਹੀਂ ਜੋੜਦੇ। ਸਬੰਧ ਜੋੜਦੇ ਹਾਂ ਉਸਦੇ ਨਾਲ ਜੋ ਛਣਭੰਗੁਰ ਹੈ। ਅਤੇ ਜੀਣਾ ਚਾਹੁੰਦੇ ਹਾਂ ਹਮੇਸ਼ਾ ਲਈ। ਦੇਹ ਦੇ ਨਾਲ ਸਬੰਧ ਜੋੜਦੇ ਹਾਂ - ਜੋ ਅੱਜ ਹੈ ਅਤੇ ਕੱਲ੍ਹ ਨਹੀਂ ਹੋ ਜਾਵੇਗੀ। ਆਤਮਾ ਦੇ ਨਾਲ ਸਬੰਧ ਨਹੀਂ ਜੋੜਦੇ - ਜੋ ਕੱਲ੍ਹ ਵੀ ਸੀ, ਅੱਜ ਵੀ ਹੈ, ਕੱਲ੍ਹ ਵੀ ਉੱਥੇ ਹੋਵੇਗੀ।

— ਓਸ਼ੋ (ਸੰਤੋ ਮਗਨ ਭਇਆ ਮਨ ਮੇਰਾ)



CANADIAN TRUCK TRAINING CENTRE




ਤਸੱਲੀਬਖਸ਼ ਸੇਵਾਵਾਂ ਲਈ

ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college, Training Classes for Air Brakes, Dangerous Goods & Log Book


7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES
CALL MUNISH TEGI
Mortgage Agent Level1
LIC# M14000011
BROKERAGE LIC# 10039



416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਸਾਹੂਕਾਰ ਦਾ ਜਹਾਜ਼...



ਇਨੀ ਦਿਨੀਂ ਹੀ ਇਕ ਸਾਹੂਕਾਰ ਦਾ ਜਹਾਜ਼ ਸਮੁੰਦਰ ਵਿਚ ਕਿਧਰੇ ਫਸ ਗਿਆ। ਜੋਤਸ਼ੀਆਂ ਨੇ ਉਸ ਨੂੰ ਦੱਸਿਆ ਕਿ ਇਹ ਮਨੁੱਖੀ ਭੇਟਾ ਲੈ ਕੇ ਅੱਗੇ ਤੁਰੇਗਾ। ਸਾਹੂਕਾਰ ਨੇ ਰਾਜੇ ਕੋਲ ਫਰਿਆਦ ਕੀਤੀ ਤਾਂ ਕੋਤਵਾਲ ਨੇ ਬਲੀ ਦੇਣ ਲਈ ਬਸੰਤ ਉਸ ਦੇ ਹਵਾਲੇ ਕਰ ਦਿੱਤਾ। ਬਸੰਤ ਨੇ ਸਾਹੂਕਾਰ ਨੂੰ ਕਿਹਾ, "ਮੈਂ ਤੇਰਾ ਜਹਾਜ ਮਨੁੱਖੀ ਬਲੀ ਤੋਂ ਬਿਨਾਂ ਹੀ ਅੜਚਨ ਵਿੱਚੋਂ ਕੱਢ ਸਕਦਾ ਹਾਂ।" ਸਾਹੂਕਾਰ ਦੇ ਹਾਂ ਕਹਿਣ ਉੱਤੇ ਬਸੰਤ ਨੇ ਕਿਸੇ ਵਿਸ਼ੇਸ਼ ਢੰਗ ਨਾਲ ਜਹਾਜ ਨੂੰ ਸਹੀ ਸਲਾਮਤ ਸਮੁੰਦਰੀ ਤਲ ਉੱਤੇ ਤੋਰ ਦਿੱਤਾ। ਸ਼ਾਹੂਕਾਰ ਨੇ ਇਹ ਸੋਚ ਕਿ ਇਹ ਨੌਜਵਾਨ ਅੱਗੇ ਵੀ ਕਿਸੇ ਔਕੜ ਵੇਲੇ ਕੰਮ ਆ ਸਕਦਾ ਹੈ ਬਸੰਤ ਨੂੰ ਆਪਣਾ ਧਰਮ ਦਾ ਪੁੱਤਰ ਬਣਾ ਕੇ ਨਾਲ ਹੀ ਰੱਖ ਲਿਆ।

ਜਦੋਂ ਉਨ੍ਹਾਂ ਦਾ ਜਹਾਜ਼ ਪੰਜ ਮਹੀਨਿਆ ਦੇ ਸਫ਼ਰ ਉਪਰੰਤ ਕਾਮਰੂਪ ਪਹੁੰਚਿਆ ਤਾ ਸਾਹੂਕਾਰ ਨੇ ਉਥੇ ਦੇ ਸ਼ਾਹੀ ਬਾਗ ਵਿਚ ਡੇਰੇ ਲਾ ਦਿੱਤੇ ਤੇ ਖਰੀਦੋ ਫਰੋਖ਼ਤ ਕਰਨ ਲੱਗਾ। ਬਸੰਤ ਦੀ ਖੂਬਸੂਰਤੀ ਦੀ ਚਰਚਾ ਚੁਫੇਰੇ ਹੋਣ ਲੱਗੀ। ਇਕ ਦਿਨ ਵਜ਼ੀਰ ਦੀ ਕੁੜੀ ਦੇ ਨਾਲ ਬਾਦਸ਼ਾਹ ਦੀ ਕੁੜੀ ਆਈ ਤਾਂ ਬਸੰਤ ਦੀ ਸੁੰਦਰਤਾ ਦੇਖ ਕੇ ਦਿਲ ਹਾਰ ਬੈਠੀ। ਪਹਿਲਾਂ ਤਾਂ ਬਾਦਸ਼ਾਹ ਨੇ ਧੀ ਨੂੰ ਸਮਝਾਇਆ ਪਰ ਪੇਸ਼ ਨਾ ਜਾਂਦੀ ਵੇਖ ਕੇ ਧੀ ਦੀ ਖੁਸ਼ੀ ਲਈ ਉਸ ਦਾ ਵਿਆਹ ਬਸੰਤ ਨਾਲ ਕਰ ਦਿੱਤਾ।

ਜਹਾਜ ਉਥੋਂ ਰਵਾਨਾ ਹੋਇਆ ਤਾਂ ਸ਼ਾਹੂਕਾਰ ਦੇ ਮਨ ਵਿਚ ਮੈਲ ਆ ਗਈ। ਉਹ ਬਸੰਤ ਨੂੰ ਮਾਰ ਕੇ ਚੰਦਰ ਬਦਨ ਨੂੰ ਹਾਸਲ ਕਰਨ ਦੇ ਸੁਪਨੇ ਲੈਣ ਲੱਗਾ। ਇਕ ਦਿਨ ਮੌਕਾ ਮਿਲਣ ਉੱਤੇ ਉਸ ਨੇ ਬਸੰਤ ਨੂੰ ਸਮੁੰਦਰ ਵਿਚ ਧੱਕਾ ਦੇ ਦਿੱਤਾ ਤੇ ਰੌਲਾ ਪਾਉਣ ਲੱਗਾ 'ਹਾਏ । ਲੋਕੋ। ਮੈਂ ਲੁਟਿਆ ਗਿਆ, ਮੇਰਾ ਪੁੱਤਰ ਸਮੁੰਦਰ ਵਿਚ ਡੁੱਬ ਗਿਆ, ਇਹ ਚੰਦਰੀ ਗੱਲ ਸੁਣ ਕੇ ਚੰਦਰ ਬਦਨ ਦੇ ਹੋਸ਼ ਉਡ ਗਏ।

ਸ਼ਾਹੂਕਾਰ ਚੰਦਰ ਬਦਨ ਨੂੰ ਆਪਣੀ ਬਣਾਉਣ ਲਈ ਤਰਲੋ ਮੱਛੀ ਹੋਣ ਲੱਗਾ। ਚੰਦਰ ਬਦਨ ਨੇ ਨੀਤੀ ਤੋਂ ਕੰਮ ਲੈਂਦਿਆਂ ਸ਼ਾਹਕਾਰ ਨੂੰ ਕਿਹਾ, "ਤੁਸੀਂ ਇਕ ਸਾਲ ਉਡੀਕ ਕਰੋ। ਜੇ ਬਸੰਤ ਇੰਨੇ ਸਮੇਂ ਵੀ ਵਾਪਸ ਨਾ ਆਇਆ ਤਾਂ ਮੈਂ ਉਸ ਨੂੰ ਮਰ ਗਿਆ ਸਮਝ ਕੇ ਤੁਹਾਡੇ ਨਾਲ ਸ਼ਾਦੀ ਕਰ ਲਵਾਂਗੀ"।

ਉਧਰ ਬਸੰਤ ਨੂੰ ਸਮੁੰਦਰ ਦੀਆਂ ਛੱਲਾਂ ਨੇ ਮਿਸਰ ਦੇ ਕੰਢੇ ਜਾ ਲਾਇਆ। ਰਾਜਧਾਨੀ ਦਾ ਮਾਲੀ ਸਵੇਰ ਵੇਲੇ ਜਦ ਉਸ ਪਾਸੇ ਆਇਆ ਤਾਂ ਉਸ ਨੇ ਇਕ ਮਨੁੱਖੀ ਲਾਸ਼ ਤੱਕੀ ਪਰ ਨੇੜੇ ਜਾਣ ਉੱਤੇ ਪਤਾ ਲੱਗਿਆ ਕਿ ਉਸ ਅੰਦਰ ਜਿੰਦ ਧੜਕਦੀ ਹੈ। ਸੰਤਾਨ ਹੀਣ ਮਾਲੀ ਤੇ ਮਾਲਣ ਨੇ ਉਸ ਨੂੰ ਆਪਣਾ ਧਰਮ ਦਾ ਪੁੱਤਰ ਸਮਝ ਕੇ ਆਪਣੀ ਪਿਆਰ ਭਰੀ ਟਹਿਲ ਸੇਵਾ ਨਾਲ ਉਸ ਨੂੰ ਕੁਝ ਹੀ ਦਿਨਾਂ ਵਿਚ ਨੌਂ-ਬਰ-ਨੌਂ ਕਰ ਦਿੱਤਾ।

ਬਸੰਤ ਨੇ ਮਾਲੀ ਤੇ ਮਾਲਣ ਨੂੰ ਆਪਣੇ ਨਾਲ ਹੋਈ ਬੀਤੀ ਦੱਸੀ ਤਾਂ ਉਨ੍ਹਾਂ ਦੀ ਹਰ ਮਦਦ ਕਰਨ ਦਾ ਭਰੋਸਾ ਦਿੱਤਾ।

ਸ਼ਾਹੂਕਾਰ ਦਾ ਜਹਾਜ਼ ਜਦ ਮਿਸਰ ਦੇ ਕੰਢੇ ਲੱਗਿਆ ਤਾਂ ਬਸੰਤ ਨੇ ਆਪਣੀ ਧਰਮ ਮਾਤਾ ਮਾਲਣ ਨੂੰ ਫੁੱਲਾਂ ਦੇ ਬਹਾਨੇ ਜਾ ਕੇ ਚੰਦਰ ਬਦਨ ਦੇ ਸਤ ਧਰਮ ਬਾਰੇ ਪਤਾ ਕਰਨ ਲਈ ਕਿਹਾ। ਮਾਲਣ ਨੇ ਜਾ ਕੇ ਦੇਖਿਆ ਕਿ ਸ਼ਹਿਜ਼ਾਦੀ, ਬਸੰਤ ਦੇ ਗਮ ਵਿਚ ਡਾਰੋਂ ਵਿਛੜੀ ਕੂੰਜ ਵਾਂਗ ਕੁਰਲਾ ਰਹੀ ਸੀ। ਮਾਲਣ ਨੇ ਉਸ ਨੂੰ ਬਸੰਤ ਦੇ ਜਿਉਂਦੇ ਹੋਣ ਵੀ ਵਾਰਤਾ ਦੱਸ ਕੇ ਧੀਰਜ ਰੱਖਣ ਲਈ ਕਿਹਾ।

ਦੂਜੀ ਵਾਰੀ ਮਾਲਣ ਚੰਦਰ ਬਦਨ ਕੋਲ ਬਸੰਤ ਦੀ ਚਿੱਠੀ ਲੈ ਕੇ ਗਈ ਜਿਸ ਵਿਚ ਲਿਖਿਆ ਸੀ ਕਿ ਤੂੰ ਸ਼ਾਹੂਕਾਰ ਨੂੰ ਕਹਿ ਮੈਨੂੰ ਕਿਸੇ ਕੋਲੋਂ ਰੂਪ-ਬਸੰਤ ਦਾ ਕਿੱਸਾ ਸੁਣਵਾ, ਮੈਂ ਫਿਰ ਤੇਰੇ ਨਾਲ ਵਿਆਹ ਕਰ ਲਵਾਂਗੀ।

ਸ਼ਾਹੂਕਾਰ ਨੇ ਇਹ ਫਰਮਾਇਸ਼ ਬਾਦਸ਼ਾਹ ਰੂਪ ਅੱਗੇ ਕਰ ਦਿੱਤੀ। ਬਾਦਸ਼ਾਹ ਨੇ ਐਲਾਨ ਕੀਤਾ ਕਿ ਜੋ ਵੀ ਸ਼ਾਹੀ ਦਰਬਾਰ ਵਿਚ ਆ ਕੇ ਇਹ ਕਥਾ ਸੁਣਾਵੇਗਾ ਉਸ ਨੂੰ ਮਾਲੋ ਮਾਲ ਕਰ ਦਿੱਤਾ ਜਾਵੇਗਾ। ਬਸੰਤ ਦੇ ਕਹਿਣ ਉੱਤੇ ਮਾਲੀ ਨੇ ਕਿਹਾ ਕਿ ਕਥਾ ਮੇਰੀ ਲੜਕੀ ਸੁਣਾ ਸਕਦੀ ਹੈ। ਬਾਦਸ਼ਾਹ ਰੂਪ ਨੇ ਮਾਲੀ ਤੇ ਮਾਲਣ ਨੂੰ ਅਗਲੇ ਦਿਨ ਆਪਣੀ ਲੜਕੀ ਸਮੇਤ ਦਰਬਾਰ ਵਿਚ ਆਉਣ ਲਈ ਕਿਹਾ।

ਮਾਲੀ ਦੀ ਧੀ ਦਾ ਵੇਸ ਧਾਰੀ ਬਸੰਤ ਨੇ ਜਦੋਂ ਸਾਰੀ ਕਹਾਣੀ ਸੁਣਾਈ ਤਾਂ ਬਾਦਸ਼ਾਹ ਗੁੱਸੇ ਵਿਚ ਆ ਗਿਆ। ਉਸ ਨੇ ਕੋਤਵਾਲ, ਚੌਕੀਦਾਰ ਤੇ ਸ਼ਾਹੂਕਾਰ ਨੂੰ ਕੋਹ ਕੋਹ ਕੇ ਮਾਰਨ ਦੀ ਸਜ਼ਾ ਦਿੱਤੀ। ਫਿਰ ਉਸ ਨੇ ਮਾਲੀ ਦੀ ਧੀ ਤੋਂ ਪੁੱਛਿਆ, 'ਮੇਰਾ ਵੀਰ ਬਸੰਤ ਹੁਣ ਕਿਥੇ ਆ' ਬਸੰਤ ਨੇ ਸਿਰ ਤੋਂ ਚੁੰਨੀ ਲਾਹ ਕੇ ਲਕੋਇਆ ਹੋਇਆ ਮੁੱਖ ਬਾਹਰ ਕੱਢਿਆ ਤਾਂ ਰੂਪ ਨੇ ਝੱਟ ਆਪਣੇ ਭਰਾ ਨੂੰ ਪਛਾਣ ਲਿਆ। ਉਹ ਭੱਜ ਕੇ ਵੀਰ ਦੇ ਗਲ ਆ ਲੱਗਾ ਤੇ ਦੋਨਾਂ ਦੀਆਂ ਅੱਖਾਂ ਵਿਚੋਂ ਵਿਰਾਗ ਦੇ ਹੰਝੂ ਵਹਿਣ ਲੱਗੇ।

ਰੂਪ ਬਸੰਤ ਨਾਲ ਹੋਈ ਬੀਤੀ ਦੀ ਉਡਦੀ ਉਡਦੀ ਖ਼ਬਰ ਸੰਗਲਾਦੀਪ ਦੇ ਰਾਜੇ ਖੜਗ ਸੈਨ ਤਕ ਵੀ ਜਾ ਪਹੁੰਚੀ। ਉਹ ਆਪਣੇ ਕੀਤੇ ਉੱਤੇ ਪਛਤਾਉਂਦਾ ਮਿਸਰ ਵੱਲ ਰਵਾਨਾ ਹੋਇਆ। ਜਦ ਦੋਹਾਂ ਸ਼ਹਿਜ਼ਾਦਿਆਂ ਨੂੰ ਆਪਣੇ ਪਿਤਾ ਦੇ ਮਿਸਰ ਦੀ ਰਾਜਧਾਨੀ ਨੇੜੇ ਪਹੁੰਚਣ ਦਾ ਪਤਾ ਲੱਗਾ ਤਾਂ ਉਹ ਸ਼ਹਾਨਾ ਸਵਾਗਤ ਨਾਲ ਉਸ ਨੂੰ ਰਾਜਧਾਨੀ ਵਿਚ ਲੈ ਕੇ ਆਏ। ਪਿੱਛੋਂ ਰਾਣੀ ਚੰਦਰਵਤੀ ਸ਼ਰਮਿੰਦਗੀ ਦੀ ਮਾਰੀ ਹੀਰਾ ਚੱਟ ਕੇ ਮਰ ਗਈ।

ਕੁਝ ਦਿਨ ਮਿਸਰ ਦੀ ਰਾਜਧਾਨੀ ਰਹਿਣ ਉਪਰੰਤ ਖੜਗ ਸੈਨ ਆਪਣੇ ਦੋਨਾਂ ਪੁੱਤਰਾਂ ਨੂੰ ਨਾਲ ਲੈ ਕੇ ਸੰਗਲਾਦੀਪ ਪਹੁੰਚਿਆ। ਰਈਅਤ ਨੇ ਚਾਵਾਂ ਨਾਲ ਕੰਵਰਾਂ ਦਾ ਸਵਾਗਤ ਕੀਤਾ।

ਖੜਗ ਸੈਨ ਨੇ ਆਪਣਾ ਰਾਜ ਛੋਟੇ ਪੁੱਤਰ ਬਸੰਤ ਦੇ ਹਵਾਲੇ ਕਰ ਦਿੱਤਾ ਤੇ ਆਪ ਸੰਨਿਆਸੀ ਬਣ ਕੇ ਜੰਗਲਾਂ ਨੂੰ ਚਲਾ ਗਿਆ। ਰੂਪ ਮਿਸਰ ਦਾ ਬਾਦਸ਼ਾਹ ਬਣਿਆ ਰਿਹਾ। (ਕੁਝ ਲੋਕ ਲੁਧਿਆਣਾ ਜ਼ਿਲ੍ਹੇ ਦੇ 'ਉੱਚਾ ਪਿੰਡ ਸੰਘੋਲ' ਨੂੰ ਹੀ ਪੁਰਾਣਾ ਸੰਗਲਾਦੀਪ ਆਖਦੇ ਹਨ। ਇੱਥੋਂ ਦੇ ਖੰਡਰਾਂ ਵਿੱਚੋਂ ਬਹੁਤ ਸਾਰੀਆਂ ਪੁਰਾਤਨ ਵਸਤਾਂ ਮਿਲੀਆਂ ਹਨ ਜੋ ਉਪਰੋਕਤ ਮੱਤ ਦੀ ਗਵਾਹੀ ਭਰਦੀਆਂ ਹਨ।)

ਲੇਖਕ : ਭਾਸ਼ਾ ਵਿਭਾਗ, ਪੰਜਾਬ,

# ਦਰਵੇਸ਼ੀ ਰੂਹ

ਮੈਂ ਕੀ ਲਿਖਾਂ, ਭਗਤ ਪੂਰਨ ਸਿੰਘ ਜੀ ਲਈ
ਮੇਰੇ ਹਰਫ਼ ਛੋਟੇ, ਉਸ ਦਰਵੇਸ਼ੀ ਰੂਹ ਲਈ
ਬੇਸਹਾਰਿਆਂ ਦੇ ਸਹਾਰੇ, ਨਿਓਟਿਆ ਦੀ ਓਟ ਲਈ
ਇਨਸਾਨੀਅਤ ਤੇ ਸੇਵਾ ਦੇ ਪੁੰਜ ਲਈ
ਮੈਂ ਕੀ ਦਸਾਂ, ਉਸ ਦਰਵੇਸ਼ੀ ਰੂਹ ਲਈ
ਜਿਸ ਕਦੇ ਮਾਂ, ਕਦੇ ਪਿਤਾ, ਕਦੇ ਭਰਾ ਬਣ
ਨਿਰਸਵਾਰਥ ਹੋ ਕੇ ਸੇਵਾ ਨਿਭਾਈ
ਕਈਆਂ ਦੇ ਚਿਹਰੇ ਉੱਤੇ ਮੁਸਕਾਨ ਲਿਆਈ
ਪਿੰਗਲਵਾੜਾ ਸੰਸਥਾ ਦੀ ਨੀਂਹ ਰਖਵਾਈ
ਬੇਸਹਾਰਿਆਂ ਲਈ ਥਾਂ ਬਣਾਈ
ਐਸੀ ਸੇਵਾ ਨਾ ਕਿਸੇ ਕੀਤੀ ਨਾ ਕਰਨੀ
ਜੋ ਉਸ ਦਰਵੇਸ਼ੀ ਰੂਹ ਨੇ ਕਰਵਾਈ
ਕੀ ਸਿਫ਼ਤ ਕਰਾਂ, ਇਸ ਰੂਹ ਦੀ
ਜੋ ਹਰੇਕ ਲਈ ਆਸ ਬਣ ਕੇ ਆਈ
ਜੋ ਮਨੁੱਖਤਾ ਲਈ ਮਿਸਾਲ ਬਣ ਕੇ ਆਈ।

ਪਰਮਬੀਰ ਕੌਰ ਰਿਆੜ

## ( ਭਗਤ ਪੂਰਨ ਸਿੰਘ)

ਭਗਤ ਪੂਰਨ ਸਿੰਘ ਨਹੀ,ਉਹ ਤਾਂ ਪੂਰਨ ਸੰਤ ਸੀ
ਜਿਸ ਨੇ ਬੇ ਸਹਾਰਿਆਂ ਨੂੰ ਹੀ ਬਣਾ ਲਿਆ ਆਪਣਾ ਜੀਆ ਜੰਤ ਸੀ
ਬੇ ਸਹਾਰਿਆਂ ਦਾ ਬਣਿਆ ਸਹਾਰਾ ਉਹ
ਡੁੱਬਦਿਆਂ ਦਾ ਬਣਿਆ ਕਿਨਾਰਾ ਉਹ
ਸੇਵਾ ਹੀ ਜਿਸ ਦਾ ਕਰਮ ਸੀ
ਸੇਵਾ ਹੀ ਜਿਸ ਦਾ ਧਰਮ ਸੀ
ਦੁਨੀਆ ਵਿੱਚ ਮਿਲਦੀ ਨਾ ਕੋਈ ਮਿਸਾਲ ਜੀ
ਰੇਹੜੀਆਂ ਤੇ ਲੱਦ ਲੱਦ ਮਰੀਜ਼ਾਂ ਦਾ ਕੀਤਾ ਇਲਾਜ ਜੀ
ਲੋਕਾਂ ਦੇ ਮਰਾਨੇ ਸੀ ਉਹ ਮਰਦੇ
ਜ਼ਖਮੀਆਂ ਦੀਆਂ ਪੱਟੀਆਂ ਆਪਣੇ ਹੱਥੀਂ ਸੀ ਕਰਦੇ
ਉਨਾਂ ਵਲੋਂ ਲਾਇਆ ਨਿੱਕਾ ਜਿਹਾ ਬੂਟਾ, ਅੱਜ ਬਣ ਗਿਆ ਵੱਡਾ ਝਾੜਾ ਏ,
ਨਾਮ ਜਿਸਦਾ ਪਿੰਗਲਵਾੜਾ ਏ,
ਭਗਤ ਪੂਰਨ ਸਿੰਘ ਤਾਂ ਆਪਣਾ ਕੰਮ ਕਰ ਗਿਆ ਪੂਰਨ ਏ
ਇਸ ਮਿਸ਼ਨ ਨੂੰ ਅੱਗੇ ਵਧਾਉਣ ਲਈ ਸਾਨੂੰ ਉਹਨਾਂ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਜ਼ਰੂਰਤ ਏ
ਅੱਜ ਬਰਸੀ ਤੇ ਸਤਬੀਰ ਵੱਲੋਂ ਨਿੱਘੀ ਸ਼ਰਧਾਂਜਲੀ

ਮਿਫ਼ਰ ਸਤਬੀਰ

# ਰੋਜ਼ ਪੀਣਾ ਸ਼ੁਰੂ ਕਰ ਦਿਉ ਦਾਲਚੀਨੀ ਦਾ ਪਾਣੀ... ਮਿਲਣਗੇ ਜ਼ਬਰਦਸਤ ਫਾਇਦੇ



ਦਾਲਚੀਨੀ ਸਿਰਫ਼ ਇਕ ਮਸਾਲਾ ਨਹੀਂ, ਬਲਕਿ ਆਯੁਰਵੈਦ 'ਚ ਇਸਨੂੰ ਔਸ਼ਧੀ ਗੁਣਾਂ ਨਾਲ ਭਰਪੂਰ ਮੰਨਿਆ ਗਿਆ ਹੈ। ਇਸਦੇ ਸੇਵਨ ਨਾਲ ਕਈ ਗੰਭੀਰ ਬਿਮਾਰੀਆਂ ਤੋਂ ਬਚਾਅ ਸੰਭਵ ਹੈ। ਜੇ ਤੁਸੀਂ ਹਰ ਰੋਜ਼ ਖਾਲੀ ਪੇਟ ਦਾਲਚੀਨੀ ਦਾ ਪਾਣੀ ਪੀਂਦੇ ਹੋ ਤਾਂ ਇਹ ਤੁਹਾਡੇ ਸਰੀਰ ਨੂੰ ਅੰਦਰੋਂ ਡਿਟੌਕਸ ਕਰਦਾ ਹੈ ਤੇ ਮੈਟਾਬੋਲਿਜ਼ਮ ਨੂੰ ਬਿਹਤਰ ਬਣਾਉਂਦਾ ਹੈ। ਆਓ ਜਾਣੀਏ ਦਾਲਚੀਨੀ ਦੇ ਪਾਣੀ ਦੇ ਫਾਇਦੇ, ਪੀਣ ਦਾ ਸਹੀ ਤਰੀਕਾ ਤੇ ਇਸ ਨਾਲ ਜੁੜੇ ਕੁਝ ਜ਼ਰੂਰੀ ਸੁਝਾਅ।

### ਦਾਲਚੀਨੀ 'ਚ ਲੁਕੇ ਹਨ ਚਮਤਕਾਰੀ ਗੁਣ

ਦਾਲਚੀਨੀ 'ਚ ਐਂਟੀਆਕਸੀਡੈਂਟ, ਐਂਟੀ-ਇਨਫਲੇਮੇਟਰੀ, ਐਂਟੀਬੈਕਟੀਰੀਅਲ ਤੇ ਐਂਟੀਫੰਗਲ ਗੁਣ ਮੌਜੂਦ ਹਨ। ਇਹ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ, ਵਜ਼ਨ ਘਟਾਉਣ, ਪਾਚਣ 'ਚ ਸੁਧਾਰ ਤੇ ਦਿਲ ਦੀ ਸਿਹਤ ਨੂੰ ਬਿਹਤਰ ਕਰਨ 'ਚ ਮਦਦ ਕਰਦੀ ਹੈ।

### ਦਾਲਚੀਨੀ ਦੇ ਪਾਣੀ ਦੇ 5 ਜ਼ਬਰਦਸਤ ਫਾਇਦੇ

1. **ਬਲੱਡ ਸ਼ੂਗਰ ਕੰਟਰੋਲ ਕਰੇ :** ਦਾਲਚੀਨੀ ਦਾ ਪਾਣੀ ਡਾਇਬਿਟੀਜ਼ ਦੇ ਮਰੀਜ਼ਾਂ ਲਈ ਬਹੁਤ ਫਾਇਦੇਮੰਦ। ਇਹ ਸਰੀਰ 'ਚ ਇੰਸੁਲਿਨ ਦੀ ਸੰਵੇਦਨਸ਼ੀਲਤਾ ਨੂੰ ਵਧਾਉਂਦਾ ਹੈ ਜਿਸ ਨਾਲ ਬਲੱਡ ਸ਼ੂਗਰ ਲੈਵਲ ਸਥਿਰ ਰਹਿੰਦਾ ਹੈ।
2. **ਵਜ਼ਨ ਘਟਾਉਣ 'ਚ ਮਦਦਗਾਰ:** ਜੇ ਤੁਸੀਂ ਵਜ਼ਨ ਘਟਾਉਣਾ ਚਾਹੁੰਦੇ ਹੋ ਤਾਂ ਹਰ ਰੋਜ਼ ਸਵੇਰੇ ਖਾਲੀ ਪੇਟ ਦਾਲਚੀਨੀ ਦਾ ਪਾਣੀ ਪੀਣਾ ਸ਼ੁਰੂ ਕਰ ਦਿਉ। ਇਹ ਭੁੱਖ ਨੂੰ ਕੰਟਰੋਲ ਕਰਦਾ ਹੈ ਤੇ ਫੈਟ ਬਰਨ 'ਚ ਮਦਦ ਕਰਦਾ ਹੈ।
3. **ਪਾਚਣ ਨੂੰ ਬਣਾਏ ਦਰੁਸਤ:** ਦਾਲਚੀਨੀ ਦਾ ਪਾਣੀ ਪਾਚਣ ਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ। ਗੈਸ, ਐਸੀਡਿਟੀ ਤੇ ਬਦਹਜ਼ਮੀ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ।
4. **ਇਮਿਊਨ ਸਿਸਟਮ ਨੂੰ ਕਰੇ ਮਜ਼ਬੂਤ:** ਇਸ ਵਿਚ ਮੌਜੂਦ ਐਂਟੀਆਕਸੀਡੈਂਟ ਸਰੀਰ ਨੂੰ ਫ੍ਰੀ ਰੈਡਿਕਲਜ਼ ਤੋਂ ਬਚਾਉਂਦੇ ਹਨ ਤੇ ਰੋਗਾਂ ਨਾਲ ਲੜਨ ਦੀ ਸਮਰੱਥਾ ਨੂੰ ਵਧਾਉਂਦੇ ਹਨ।
5. **ਸਕਿੰਨ ਤੇ ਵਾਲਾਂ ਲਈ ਫਾਇਦੇਮੰਦ :** ਦਾਲਚੀਨੀ ਦਾ ਪਾਣੀ ਸਕਿੰਨ ਨੂੰ ਚਮਕਦਾਰ ਬਣਾਉਂਦਾ ਹੈ ਤੇ ਵਾਲਾਂ ਦੀ ਜੜ੍ਹਾਂ ਨੂੰ ਪੋਸ਼ਣ ਦਿੰਦਾ ਹੈ।

ਦਾਲਚੀਨੀ ਦੇ ਪਾਣੀ ਦਾ ਸਹੀ ਸੇਵਨ ਦਾ ਤਰੀਕਾ

ਦਾਲਚੀਨੀ ਦਾ ਪਾਣੀ ਬਣਾਉਣ ਦੀ ਵਿਧੀ

1. ਇਕ ਗਿਲਾਸ ਪਾਣੀ 'ਚ ਦਾਲਚੀਨੀ ਪਾਓ।
2. ਇਸਨੂੰ ਰਾਤ ਭਰ ਇੰਝ ਹੀ ਛੱਡ ਦਿਓ।
3. ਅਗਲੀ ਸਵੇਰ ਇਸਨੂੰ ਛਾਣ ਕੇ ਖਾਲੀ ਪੇਟ ਪੀ ਲਓ।

### ਦਾਲਚੀਨੀ ਦਾ ਪਾਣੀ ਪੀਣ ਦਾ ਤਰੀਕਾ

ਇਕ ਗਿਲਾਸ ਪਾਣੀ 'ਚ ਦਾਲਚੀਨੀ ਉਬਾਲੋ ਅਤੇ ਗੁਣਗੁਣਾ ਕਰ ਕੇ ਪੀ ਲਓ।

ਕਿਨ੍ਹਾਂ ਲੋਕਾਂ ਨੂੰ ਦਾਲਚੀਨੀ ਤੋਂ ਪਰਹੇਜ਼ ਕਰਨਾ ਚਾਹੀਦਾ ਹੈ?

– ਗਰਭਵਤੀ ਔਰਤਾਂ, – ਜਿਨ੍ਹਾਂ ਨੂੰ ਦਾਲਚੀਨੀ ਤੋਂ ਐਲਰਜੀ ਹੋਵੇ, – ਜਿਹੜੇ ਪਹਿਲਾਂ ਹੀ ਬਲੱਡ ਸ਼ੂਗਰ ਦੀ ਦਵਾਈ ਲੈ ਰਹੇ ਹਨ, ਉਨ੍ਹਾਂ ਨੂੰ ਡਾਕਟਰ ਤੋਂ ਸਲਾਹ ਲੈ ਲੈਣੀ ਚਾਹੀਦੀ ਹੈ।

# ਪੇਟ-ਦਰਦ ਬਣੀ ਆਮ ਸਮੱਸਿਆ



"ਪੇਟ-ਦਰਦ ਕੰਮ ਕਰਦੇ ਹੋਏ, ਚਲਦੇ-ਫਿਰਦੇ, ਸਲੀਪ ਦੌਰਾਣ, ਘੱਟ ਜਾਂ ਤੇਜ਼ ਦਰਦ ਕਦੇ ਵੀ ਸ਼ੁਰੂ ਹੋ ਜਾਂਦਾ ਹੈ। ਅਚਾਨਕ ਤੇ ਜ਼ਿਆਦਾ ਸਮੇਂ ਤੱਕ ਰਹਿਣ ਵਾਲਾ ਦਰਦ ਗੰਭੀਰ ਵੀ ਹੋ ਸਕਦਾ ਹੈ। ਛੋਟੇ ਬੱਚੇ, ਅਤੇ ਗਰਭਵਤੀ ਔਰਤਾਂ ਜ਼ਿਆਦਾ ਪ੍ਰੇਸ਼ਾਨ ਹੋ ਸਕਦੇ ਹਨ। ਦਰਦ ਦੌਰਾਣ ਕੁੱਝ ਵੀ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਸਹੀ ਜਾਂਚ ਬਾਅਦ ਕਾਰਨ ਦਾ ਪਤਾ ਲੱਗਦਾ ਹੈ"- ਡਾ. ਅਨਿਲ ਧੀਰ. ਕਾਲਮਨਿਸਟ ਅਤੇ ਲੇਖਕ "ਸੇਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ". ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ


ਹੈਲਥ ਮੀਡੀਆ ਕੈਨੇਡਾ: (ਡਾ. ਅਨਿਲ ਧੀਰ) ਵਿਸ਼ਵ ਭਰ 'ਚ ਖਾਣ-ਪਾਣ ਅਤੇ ਰਹਿਣ-ਸਹਿਣ 'ਚ ਤੇਜ਼ੀ ਨਾਲ ਹੋ ਰਹੀ ਤਬਦੀਲੀ ਕਾਰਨ ਬਣੀ ਆਮ ਸਮੱਸਿਆ ਪੇਟ-ਦਰਦ। ਕਰੀਬਨ 60% ਆਬਾਦੀ ਪੇਟ-ਦਰਦ ਦੀ ਸ਼ਿਕਾਰ ਹੋ ਚੁੱਕੀ ਹੈ। ਆਮ ਤੌਰ 'ਤੇ ਇਹ ਲੱਛਣ ਜਾਨਲੇਵਾ ਬਿਮਾਰੀਆਂ ਦਾ ਕਾਰਨ ਤਾਂ ਨਹੀਂ, ਲੇਕਿਨ ਗੰਭੀਰ ਰੋਗ ਦੀ ਨਿਸ਼ਾਨੀ ਹੋ ਸਕਦੀ ਹੈ। ਹਰ ਉਮਰ ਦਾ ਵਿਅਕਤੀ ਇਸ ਦੇ ਘੇਰੇ 'ਚ ਦੇਖਿਆ ਜਾ ਰਿਹਾ ਹੈ। ਪੇਟ-ਦਰਦ ਮਿਨਟਾਂ ਤੋਂ ਲੈ ਕੇ ਦਿਨਾਂ ਤੱਕ ਵੀ ਰਹਿ ਸਕਦਾ ਹੈ।

ਰਿਸਰਚ ਮੁਤਾਬਿਕ ਇਸ ਦਾ ਕਾਰਨ ਲੱਭਣ 'ਚ ਖੂਨ ਪਿਸ਼ਾਬ ਦੇ ਐਕਸਰੇ, ਅਤੇ ਅਲਟ੍ਰਾਸਾਉਂਡ ਟੈਸਟ ਦੀ ਮਦਦ ਲਈ ਜਾ ਰਹੀ ਹੈ। ਆਮ ਤੌਰ 'ਤੇ ਪੇਟ ਅੰਦਰ ਦਰਦ- 8-19% ਗੈਸਟਰੋਐਂਟਰਾਈਟਸ, ਬਦਬੂਦਾਰ ਮੱਲ, ਕਬਜ਼ 3-14%, ਯੂਰੀਨ ਸਿਸਟਮ 5.5%, ਗੈਸਟਰਾਈਟਸ 5.8%, ਅਪੈਂਡਸਿਸ 2.5%, ਡਾਈਵਰਟੀਕੁਲਾਇਟਸ 3.5%, ਬਿਲੀਰੀ- ਪੈਨਕ੍ਰੇਟਿਕ 4.5%, ਅਤੇ ਨਿਓਪਲਾਸਟਿਕ 1.5% ਵਗੈਰਾ ਗੰਭੀਰ ਕਾਰਨ ਹੋ ਸਕਦੇ ਹਨ। ਪੇਟ-ਦਰਦ ਕੰਮ ਕਰਦੇ ਹੋਏ, ਚਲਦੇ-ਫਿਰਦੇ, ਸਲੀਪ ਦੌਰਾਣ, ਘੱਟ ਜਾਂ ਤੇਜ਼ ਦਰਦ ਕਦੇ ਵੀ ਸ਼ੁਰੂ ਹੋ ਜਾਂਦਾ ਹੈ। ਅਚਾਨਕ ਤੇ ਜ਼ਿਆਦਾ ਸਮੇਂ ਤੱਕ ਰਹਿਣ ਵਾਲਾ ਦਰਦ ਗੰਭੀਰ ਵੀ ਹੋ ਸਕਦਾ ਹੈ। ਛੋਟੇ ਬੱਚੇ, ਅਤੇ ਗਰਭਵਤੀ ਔਰਤਾਂ ਜ਼ਿਆਦਾ ਪ੍ਰੇਸ਼ਾਨ ਹੋ ਸਕਦੇ ਹਨ। ਦਰਦ ਦੌਰਾਣ ਕੁੱਝ ਵੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਹੀ ਜਾਂਚ ਬਾਅਦ ਕਾਰਨ ਦਾ ਪਤਾ ਲੱਗਦਾ ਹੈ।









**Anil Dheer**
Columnist
anil.dheer@yahoo.com

ਪੇਟ ਅੰਦਰ ਦਰਦ ਖਾਣਾ ਖਾਣ ਤੋਂ ਬਾਅਦ ਬਦਹਜ਼ਮੀ, ਪੇਚਿਸ, ਪੇਟ ਦੇ ਕੀੜੇ, ਪਥਰੀ ਕਾਰਨ ਸੋਜ਼, ਗੈਸ ਏਸੀਡਿਟੀ, ਅਲਸਰੇਟਿਵ ਕੋਲਾਈਟਸ ਦੀ ਮਾਂਸਪੇਸ਼ੀਆਂ ਦੀ ਸੱਟ, ਲੜਕੀਆਂ ਨੂੰ ਮਾਹਵਾਰੀ ਦੌਰਾਣ, ਇਨਫੈਕਸ਼ਨ, ਲੈਕਟੋਜ਼ ਦੀ ਅਸਹਿਣਸ਼ੀਲਤਾ, ਕਬਜ਼, ਬਾਸੀ ਭੋਜਨ 'ਤੇ ਲਗਾਤਾਰ ਜੰਕ ਫੂਡ ਅਤੇ ਨਸ਼ਿਆਂ ਦੀ ਵਰਤੋਂ ਗੰਭੀਰ ਪੇਟ-ਦਰਦ ਦੀ ਸ਼ਿਕਾਇਤ ਪੈਦਾ ਕਰ ਸਕਦੇ ਹਨ।

### ਪੇਟ-ਦਰਦ ਦਾ ਆਮ ਇਲਾਜ਼:

* ਪੇਟ ਦੇ ਰੋਗੀਆਂ ਨੂੰ ਦਿਨ ਦੇ ਸਮੇਂ ਘੱਟ ਸਲੀਪ ਲੈਣੀ ਚਾਹੀਦੀ ਹੈ। ਪੇਟ ਅੰਦਰ ਏਸਿਡ ਪਿੱਛੇ ਅਤੇ ਛਾਤੀ ਵੱਲ ਵੱਧਣ ਦੀ ਸੰਭਾਵਨਾ ਹੁੰਦੀ ਹੈ। ਅਗਰ ਲੇਟਨਾ ਪਵੇ ਤਾਂ ਸਿਰ ਤੇ ਗਰਦਨ ਹੇਠਾਂ 30 ਡਿਗਰੀ ਦਾ ਪਿਲੋ ਇਸਤੇਮਾਲ ਕਰੋ।
* ਭੋਜਨ ਨੂੰ ਪਚਾਣ ਅਤੇ ਜਜ਼ਬ ਕਰਨ ਲਈ ਸਰੀਰ ਨੂੰ ਪਾਣੀ ਦੀ ਲੋੜ ਹੁੰਦੀ ਹੈ। ਔਰਤਾਂ ਨੂੰ ਦਿਨ 'ਚ 3 ਲੀਟਰ, ਮਰਦਾਂ ਨੂੰ 4 ਲੀਟਰ , ਛੋਟੇ ਬੱਚਿਆਂ ਨੂੰ 1 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਪੇਟ ਦੇ ਰੋਗੀਆਂ ਨੂੰ ਕੋਸੇ ਪਾਣੀ 'ਚ ਨਿੰਬੂ ਰੱਸ ਮਿਲਾ ਕੇ ਪੀਣਾ ਚਾਹੀਦਾ ਹੈ।
* ਪੇਟ-ਦਰਦ ਦੇ ਸ਼ਿਕਾਰ, ਤਾਜ਼ੇ ਪੁਦੀਨਾ ਪੱਤੇ 12, ਛੋਟੀ ਇਲੱਾਚੀ 2, ਮੋਟੀ ਸੌਂਫ 1 ਚੁੱਟਕੀ, 1 ਕੱਪ ਪਾਣੀ 'ਚ ਉਬਾਲੋ, ਅੱਧਾ ਰਹਿ ਜਾਣ ਤੇ, ਦੁਪਹਿਰ ਅਤੇ ਡਿਨਰ ਤੋਂ 15 ਮਿਨਟ ਪਹਿਲਾਂ ਲਗਾਤਾਰ ਕੁੱਝ ਦਿਨ ਪੀਓ।
* ਪੁਦੀਨੇ 'ਚ ਮੌਜੂਦ ਰਸਾਇਣ ਅੰਤੜੀ ਅੰਦਰ ਮਾਂਸਪੇਸ਼ੀ ਸਪਾਜ਼ਮ ਘਟਾ ਕੇ ਬਦਹਜ਼ਮੀ, ਗੈਸ, ਉਲਟੀ, ਦਸਤ, ਘਬਰਾਹਟ ਦੀ ਹਾਲਤ 'ਚ ਆਰਾਮ ਦਿੰਦਾ ਹੈ। ਚਾਹ ਪੀਣ ਦੇ ਸ਼ੌਕੀਨ, ਤਾਜ਼ੇ ਪੁਦੀਨਾ ਪੱਤੇ ਵਾਲੀ ਚਾਹ ਹੀ ਪੀਣ।
* ਗਰਮ ਪਾਣੀ ਵਾਲੀ ਰਬੜ ਦੀ ਬੋਤਲ ਜਾਂ ਹੀਟਿੰਗ ਪੈਡ ਟੈਨਸ ਮਾਂਸਪੇਸ਼ੀਆਂ ਨੂੰ ਲਚੀਲਾ ਕਰਦੇ ਹਨ। ਰਬੜ ਦੀ ਬੋਤਲ ਦਾ ਸੇਕ ਪਾਣੀ ਕੋਸਾ ਹੋਣ ਤੱਕ ਦਿਓ ਅਤੇ ਹੀਟਿੰਗ ਪੈਡ ਦਾ ਇਸਤੇਮਾਲ ਲੋੜ ਮੁਤਾਬਿਕ ਕਰਨ ਨਾਲ ਪੇਟ-ਦਰਦ 'ਚ ਆਰਾਮ ਮਿਲਦਾ ਹੈ।
* ਪੇਟ ਦੀ ਸਮੱਸਿਆ 'ਚ ਤਾਜ਼ੇ ਅਦਰਕ ਦਾ ਰੱਸ ਅੱਧਾ ਚਮਚ, ਸ਼ਹਿਦ 1 ਚਮਚ, ਸਵੇਰੇ ਸ਼ਾਮ ਲੈਣ ਤੋਂ ਬਾਅਦ ਕੋਸਾ ਪਾਣੀ ਪੀਓ।
* ਪੇਟ-ਦਰਦ 'ਤੇ ਦਸਤ ਦੀ ਹਾਲਤ 'ਚ ਦਹੀਂ, ਕੇਲਾ, ਚਾਵਲ, ਪਪੀਤਾ, ਬ੍ਰੈਡ ਟੋਸਟ ਅਤੇ ਖਿਚੜੀ, ਨਿੰਬੂ-ਪਾਣੀ ਲੈਣ ਨਾਲ ਰਾਹਤ ਮਿਲਦੀ ਹੈ।

**ਨੋਟ:** ਬਿਮਾਰੀ ਦੀ ਹਾਲਤ 'ਚ ਹਮੇਸ਼ਾ ਸਾਦਾ ਹਲਕਾ ਭੋਜਨ ਲਵੋ। ਮਿਰਚ-ਮਸਾਲੇ ਵਾਲੇ ਜੰਕ-ਫੂਡ ਦੇ ਸੇਵਨ ਤੋਂ ਬਚਣ ਦੀ ਲੋੜ ਹੁੰਦੀ ਹੈ। ਪੇਟ-ਦਰਦ ਲਗਾਤਾਰ ਰਹਿਣ ਦੀ ਹਾਲਤ 'ਚ ਬਿਨਾ ਦੇਰੀ ਆਪਣਾ ਇਲਾਜ਼ ਕਰਾਓ।


# ਸ਼ੂਗਰ ਲੈਵਲ ਵਧਣਾ ਵੀ ਬਣ ਸਕਦਾ ਹੈ 'ਹਾਰਟ ਅਟੈਕ' ਦਾ ਕਾਰਨ

ਸ਼ੂਗਰ ਲੈਵਲ ਦਾ ਵਧਣਾ ਇਕ ਅਜਿਹੀ ਬਿਮਾਰੀ ਹੈ, ਜੋ ਸਰੀਰ ਦੇ ਕਈ ਅੰਗਾਂ ਨੂੰ ਪ੍ਰਭਾਵਿਤ ਕਰਦੀ ਹੈ। ਖਾਸ ਕਰਕੇ ਦਿਲ 'ਤੇ ਜ਼ਿਆਦਾ ਪ੍ਰਭਾਵ ਪਾਉਂਦੀ ਹੈ। ਇਸ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਸ਼ੂਗਰ ਦੇ ਮਰੀਜ਼ਾਂ 'ਚ ਹਾਰਟ ਅਟੈਕ ਦਾ ਖ਼ਤਰਾ ਆਮ ਲੋਕਾਂ ਨਾਲੋਂ ਜ਼ਿਆਦਾ ਹੁੰਦਾ ਹੈ।

ਸਿਰਫ਼ ਸ਼ੂਗਰ ਦੇ ਮਰੀਜ਼ ਹੀ ਨਹੀਂ ਜੇਕਰ ਤੁਹਾਡੇ ਬਲੱਡ ਸ਼ੂਗਰ ਦਾ ਪੱਧਰ ਥੋੜ੍ਹਾ ਜਿਹਾ ਵੀ ਵੱਧ ਜਾਂਦਾ ਹੈ ਤਾਂ ਇਹ ਹੌਲੀ-ਹੌਲੀ ਦਿਲ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਹਾਂ, ਇਸੇ ਲਈ ਦਿਲ ਨੂੰ ਸਿਹਤਮੰਦ ਰੱਖਣ ਲਈ ਬਲੱਡ ਸ਼ੂਗਰ ਦੇ ਲੈਵਲ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਆਓ ਜਾਣਦੇ ਹਾਂ ਕਿ ਹਾਈ ਬਲੱਡ ਸ਼ੂਗਰ ਦਿਲ ਲਈ ਕਿੰਨਾ ਖ਼ਤਰਨਾਕ ਹੋ ਸਕਦਾ ਹੈ ਅਤੇ ਇਸ ਨੂੰ ਰੋਕਣ ਲਈ ਕਿਹੜੇ ਕਦਮ ਚੁੱਕੇ ਜਾ ਸਕਦੇ ਹਨ।

### ਕਿਵੇਂ ਨੁਕਸਾਨ ਪਹੁੰਚਾਉਂਦਾ ਹੈ ਹਾਈ ਬਲੱਡ ਸ਼ੂਗਰ?

- **ਧਮਨੀਆਂ 'ਚ ਸੋਜ ਅਤੇ ਕਠੋਰਤਾ** – ਲਗਾਤਾਰ ਹਾਈ ਬਲੱਡ ਸ਼ੂਗਰ ਲੈਵਲ ਕਾਰਨ, ਖੂਨ ਦੀਆਂ ਨਾੜੀਆਂ ਸਖ਼ਤ ਹੋ ਜਾਂਦੀਆਂ ਹਨ, ਜਿਸ ਨਾਲ ਐਥੀਰੋਸਕਲੇਰੋਸਿਸ ਹੁੰਦਾ ਹੈ। ਇਸ ਕਾਰਨ ਖੂਨ ਦੀ ਸਹੀ ਮਾਤਰਾ ਦਿਲ ਤੱਕ ਨਹੀਂ ਪਹੁੰਚਦੀ ਅਤੇ ਹਾਰਟ ਅਟੈਕ ਦਾ ਖ਼ਤਰਾ ਵੱਧ ਜਾਂਦਾ ਹੈ।
- **ਕੋਲੈਸਟ੍ਰੋਲ 'ਚ ਵਾਧਾ** – ਸ਼ੂਗਰ ਦੇ ਮਰੀਜ਼ਾਂ 'ਚ ਅਕਸਰ ਚੰਗੇ ਕੋਲੈਸਟ੍ਰੋਲ ਦਾ ਪੱਧਰ ਘੱਟ ਅਤੇ ਮਾੜੇ ਕੋਲੈਸਟ੍ਰੋਲ ਦਾ ਪੱਧਰ ਉੱਚ ਹੁੰਦਾ ਹੈ। ਇਹ ਕੋਲੈਸਟ੍ਰੋਲ ਧਮਨੀਆਂ 'ਚ ਇਕੱਠਾ ਹੁੰਦਾ ਹੈ ਅਤੇ ਰੁਕਾਵਟ ਪੈਦਾ ਕਰਦਾ ਹੈ।



- **ਹਾਈ ਬਲੱਡ ਪ੍ਰੈਸ਼ਰ** – ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਵਿਚਕਾਰ ਡੂੰਘਾ ਸੰਬੰਧ ਹੈ। ਬਲੱਡ ਸ਼ੂਗਰ ਵਧਣ ਕਾਰਨ, ਬਲੱਡ ਪ੍ਰੈਸ਼ਰ ਵੀ ਵੱਧਦਾ ਹੈ, ਜੋ ਦਿਲ 'ਤੇ ਜ਼ਿਆਦਾ ਦਬਾਅ ਪਾਉਂਦਾ ਹੈ।
- **ਨਸਾਂ ਨੂੰ ਨੁਕਸਾਨ (ਨਿਊਰੋਪੈਥੀ)**– ਸ਼ੂਗਰ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜੋ ਦਿਲ ਦੀ ਧੜਕਣ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਅਚਾਨਕ ਹਾਰਟ ਅਟੈਕ ਦਾ ਖ਼ਤਰਾ ਵਧਾਉਂਦੀ ਹੈ।

### ਹਾਰਟ ਅਟੈਕ ਦੇ ਖ਼ਤਰੇ ਨੂੰ ਕਿਵੇਂ ਕਰੀਏ ਘੱਟ?

#### ਬਲੱਡ ਸ਼ੂਗਰ ਕਰੋ ਕੰਟਰੋਲ

- ਬਲੱਡ ਸ਼ੂਗਰ ਦੀ ਰੋਜ਼ਾਨਾ ਕਰੋ ਜਾਂਚ।
- ਡਾਕਟਰ ਦੀ ਸਲਾਹ ਅਨੁਸਾਰ ਦਵਾਈਆਂ ਜਾਂ ਇਨਸੁਲਿਨ ਲਓ।
- ਘੱਟ ਗਲਾਈਸੈਮਿਕ ਇੰਡੈਕਸ ਵਾਲਾ ਭੋਜਨ ਖਾਓ, ਜਿਵੇਂ ਕਿ ਹਰੀਆਂ ਸਬਜ਼ੀਆਂ, ਦਾਲਾਂ, ਸਾਬਤ ਅਨਾਜ ਆਦਿ।

#### ਸਿਹਤਮੰਦ ਖੁਰਾਕ ਦੀ ਕਰੋ ਸੇਵਨ

- ਤਲੇ-ਭੁੰਨੇ, ਮਿੱਠੇ ਅਤੇ ਪ੍ਰੋਸੈਸਡ ਭੋਜਨ ਘੱਟ ਖਾਓ।
- ਓਮੇਗਾ-3 ਫੈਟੀ ਐਸਿਡ ਨਾਲ ਭਰਪੂਰ ਭੋਜਨ, ਜਿਵੇਂ ਕਿ ਅਲਸੀ, ਮੱਛੀ, ਅਖਰੋਟ, ਆਦਿ ਦਿਲ ਲਈ ਫਾਇਦੇਮੰਦ ਹਨ।
- ਨਮਕ ਦੀ ਮਾਤਰਾ ਘਟਾਓ ਤਾਂ ਜੋ ਬਲੱਡ ਪ੍ਰੈਸ਼ਰ ਨਾ ਵਧੇ।

#### ਰੋਜ਼ਾਨਾ ਕਰੋ ਕਸਰਤ

- ਰੋਜ਼ਾਨਾ 30-45 ਮਿੰਟ ਸੈਰ, ਯੋਗਾ ਜਾਂ ਐਰੋਬਿਕਸ ਕਰੋ।
- ਆਪਣੇ ਵਜ਼ਨ ਨੂੰ ਕੰਟਰੋਲ ਕਰੋ ਕਿਉਂਕਿ ਮੋਟਾਪਾ ਸ਼ੂਗਰ ਅਤੇ ਦਿਲ ਦੋਵਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ।

#### ਸਿਗਰਟਨੋਸ਼ੀ ਅਤੇ ਸ਼ਰਾਬ ਤੋਂ ਰਹੋ ਦੂਰ

ਸਿਗਰਟਨੋਸ਼ੀ ਅਤੇ ਸ਼ਰਾਬ ਧਮਨੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜਿਸ ਨਾਲ ਹਾਰਟ ਅਟੈਕ ਦਾ ਖ਼ਤਰਾ ਵੱਧ ਜਾਂਦਾ ਹੈ।

#### ਤਣਾਅ ਘਟਾਓ

- ਧਿਆਨ ਅਤੇ ਡੂੰਘੇ ਸਾਹ ਲੈਣ ਵਰਗੀਆਂ ਤਣਾਅ ਪ੍ਰਬੰਧਨ ਗਤੀਵਿਧੀਆਂ ਕਰੋ।
- ਰੋਜ਼ਾਨਾ 7-8 ਘੰਟੇ ਨੀਂਦ ਲਓ।

#### ਨਿਯਮਤ ਹਾਰਟ ਚੈੱਕਅਪ ਕਰਵਾਓ

ਸ਼ੂਗਰ ਦੇ ਮਰੀਜ਼ਾਂ ਨੂੰ ਸਾਲ 'ਚ ਇਕ ਵਾਰ ਓਛਘ, ਕੋਲੈਸਟ੍ਰੋਲ ਅਤੇ ਹਾਰਟ ਫੰਕਸ਼ਨਾਂ ਦੇ ਟੈਸਟ ਕਰਵਾਉਣੇ ਚਾਹੀਦੇ ਹਨ।












## ਈ-ਮੇਲ ਧੋਖਾਧੜੀ !

# ਤੁਸੀਂ ਬਲਾਤਕਾਰੀ ਵੀ ਹੋ ਅਤੇ ਤੁਸੀਂ ਕਾਤਲ ਵੀ...ਜਰਾਂ ਬੱਚ ਕੇ

ਸਾਨੂੰ ਰੋਜ਼ਾਨਾ ਹੀ ਅਨੇਕਾਂ ਈਮੇਲ ਅਜਿਹੀਆਂ ਆਉਂਦੀਆਂ ਹਨ, ਜਿੰਨਾ ਦਾ ਸਾਡੇ ਨਾਲ ਕੋਈ ਵਾਹ ਵਾਸਤਾ ਨਹੀਂ ਹੁੰਦਾ। ਭਾਵੇਂ ਕਿ ਸਾਡੀ ਈਮੇਲ ਐਡਰੈੱਸ ਸਾਡੇ ਜਾਣਕਾਰਾਂ ਜਾਂ ਫਿਰ ਸਾਡੇ ਦਫ਼ਤਰ ਵਾਲਿਆਂ ਨੂੰ ਹੀ ਪਤਾ ਹੁੰਦਾ ਹੈ। ਪਰ ਫਿਰ ਵੀ ਕੁੱਝ ਅਜਿਹੇ ਲੋਕ ਵੀ ਇਸ ਧਰਤੀ ਤੇ ਮੌਜੂਦ ਹਨ, ਜਿੰਨਾ ਕੋਲ ਸਾਡੇ ਈ-ਮੇਲ ਐਡਰੈੱਸ ਅਤੇ ਮੋਬਾਈਲ ਨੰਬਰ ਮੌਜੂਦ ਹਨ, ਜੋ ਸਮੇਂ ਸਮੇਂ ਤੇ ਸਾਨੂੰ ਐਕਸੈੱਸ ਕਰਦੇ ਰਹਿੰਦੇ ਨੇ। ਭਾਵੇਂ ਕਿ ਸਾਨੂੰ ਇਹ ਨਹੀਂ ਪਤਾ ਕਿ ਇਹ ਈ-ਮੇਲ ਐਡਰੈੱਸ ਅਤੇ ਮੋਬਾਈਲ ਨੰਬਰ ਕੌਣ ਅਤੇ ਕਿਵੇਂ ਲੀਕ ਕਰਦਾ ਹੈ, ਪਰ ਇਹਨਾਂ ਜ਼ਰੂਰ ਮੰਨਿਆ ਜਾਂਦਾ ਹੈ ਕਿ ਕੁੱਝ ਅਜਿਹੀਆਂ ਕੰਪਨੀਆਂ ਹਨ, ਜੋ ਡਾਟਾ ਚੋਰੀ ਕਰਕੇ ਇੱਧਰ ਤੋਂ ਉੱਧਰ ਕਰਦੀਆਂ ਹਨ। ਈ-ਮੇਲ ਜਰੀਏ ਧੋਖਾਧੜੀ ਹੋਣਾ, ਕੋਈ ਸਿੱਧਾ ਢੰਗ ਤਰੀਕਾ ਨਹੀਂ ਹੈ।




ਈ-ਮੇਲ ਜਰੀਏ ਉਹੀ ਲੋਕ ਧੋਖਾਧੜੀ ਕਰ ਸਕਦੇ ਹਨ, ਜਿੰਨਾ ਨੂੰ ਗੂਗਲ ਅਤੇ ਸਾਹਮਣੇ ਬੈਠੇ ਜੀ-ਮੇਲ ਚਲਾ ਰਹੇ ਵਿਅਕਤੀ ਦਾ ਸਭ ਅਤਾ ਪਤਾ ਹੁੰਦਾ ਹੈ। ਹਵਾ ਵਿੱਚ ਛੱਡਿਆ ਗਿਆ ਤੀਰ, ਕਦੋਂ ਨਿਸ਼ਾਨੇ 'ਤੇ ਲੱਗ ਜਾਵੇ, ਕੁੱਝ ਪਤਾ ਨਹੀਂ ਲੱਗਦਾ। ਬੇਸ਼ੱਕ ਅਸੀਂ ਲੋਕ ਕਹਿੰਦੇ ਹਾਂ ਕਿ ਫਲਾਣੇ ਨੇ ਹਵਾ ਵਿੱਚ ਤੀਰ ਛੱਡਿਆ, ਮਤਲਬ ਕਿ ਅਜਿਹੀਆਂ ਗੱਲਾਂ ਨੂੰ ਮਜ਼ਾਕ ਵਿੱਚ ਹੀ ਲਿਆ ਜਾਂਦਾ ਹੈ। ਪਰ ਇਹ ਬਿਲਕੁਲ ਅਸਲੀਅਤ ਹੈ। ਹੈਕਰਾਂ ਦੁਆਰਾ ਲਗਾਤਾਰ ਕੀਤੇ ਜਾ ਰਹੇ ਈ-ਮੇਲ ਫਰੌਡ ਦਾ ਪਰਦਾਫਾਸ਼ ਪੁਲਿਸ ਅਤੇ ਸਾਈਬਰ ਸੈੱਲ ਸਮੇਂ ਸਮੇਂ ਤੇ ਕਰਦਾ ਰਹਿੰਦਾ ਹੈ, ਪਰ ਫਿਰ ਵੀ ਉਕਤ ਠੱਗਾਂ ਦਾ ਗੈਂਗ ਪਤਾ ਨਹੀਂ ਕਿੱਡਾ ਵੱਡਾ ਹੈ ਕਿ, ਉਹ ਕਿਸੇ ਦੇ ਹੱਥ ਹੀ ਨਹੀਂ ਆ ਰਿਹਾ। ਰੋਜ਼ਾਨਾ ਹੀ ਨਿੱਤ ਨਵੇਂ ਕੇਸ ਸਾਹਮਣੇ ਆ ਰਹੇ ਹਨ।

ਕੁੱਝ ਦਿਨ ਪਹਿਲਾਂ ਹੀ ਮੈਨੂੰ ਇੱਕ ਈ-ਮੇਲ ਆਈ, ਜਿਸ ਵਿੱਚ ਲਿਖਿਆ ਗਿਆ ਕਿ ਮੇਰੇ ਮੋਬਾਈਲ ਰਾਹੀਂ ਕੁੱਝ ਅਸ਼ਲੀਲ ਕੰਟੈਂਟ ਵਾਇਰਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਕਤ ਈਮੇਲ ਵਿੱਚ ਇਹ ਵੀ ਲਿਖਿਆ ਗਿਆ ਕਿ ਤੁਸੀਂ ਅਸ਼ਲੀਲ ਕੰਟੈਂਟ ਦੇ ਨਾਲ ਨਾਲ ਕੋਈ ਕਤਲ ਵੀ ਕੀਤਾ ਹੋਇਆ ਹੈ, ਇਹ ਸਭ ਕੁੱਝ ਦੇਖ ਕੇ ਪਹਿਲਾਂ ਤਾਂ ਮੈਂ ਹੈਰਾਨ ਹੋ ਗਿਆ, ਪਰ ਫਿਰ ਮੈਂ ਉਕਤ ਈ-ਮੇਲ ਨੂੰ ਸਕੈਨ ਕਰਕੇ ਗੂਗਲ ਵਿੱਚ ਸਰਚ ਕਰਿਆ, ਤਾਂ ਪਤਾ ਲੱਗਿਆ ਕਿ ਉਹ ਈਮੇਲ ਅਸਲੀ ਹੈ ਹੀ ਨਹੀਂ, ਜਿਸ ਈਮੇਲ ਦੇ ਜਰੀਏ ਮੈਨੂੰ ਮੇਲ ਭੇਜੀ ਗਈ, ਉਹ ਮੇਲ ਫਰੌਡ ਸੀ। ਹੋਇਆ ਕੁੱਝ ਇਸ ਤਰ੍ਹਾਂ ਕਿ, ਈ-ਮੇਲ ਭੇਜਣ ਵਾਲੇ ਨੇ ਨਾਲ ਹੀ ਮੁੰਬਈ ਸਾਈਬਰ ਪੁਲਿਸ ਦੇ ਨਾਮ ਦਾ ਇੱਕ ਦਸਤਾਵੇਜ਼ ਵੀ ਲਗਾਇਆ ਹੋਇਆ ਸੀ, ਜਿਸ ਤੋਂ ਇੰਜ ਲੱਗ ਰਿਹਾ ਸੀ ਕਿ ਇਹ ਈਮੇਲ ਸਾਈਬਰ ਪੁਲਿਸ ਵੱਲੋਂ ਭੇਜੀ ਗਈ ਹੈ, ਪਰ ਜਦੋਂ ਇਸ ਦੀ ਜਾਂਚ ਪੜਤਾਲ ਅਤੇ ਉਕਤ ਈਮੇਲ ਨੂੰ ਸਕੈਨ ਕਰਨ ਵਾਸਤੇ, ਮੈਂ ਚੈਟ ਜੀਬੀਟੀ ਅਤੇ ਹੋਰ ਸਰਚ ਇੰਜਨ ਜਰੀਏ ਪਤਾ ਕਰਨ ਦੀ ਕੋਸ਼ਿਸ਼ ਕੀਤੀ ਤਾਂ, ਪਤਾ ਲੱਗਿਆ ਕਿ ਇਹ ਈਮੇਲ ਇਕੱਲੇ ਮੈਨੂੰ ਹੀ ਨਹੀਂ, ਬਲਕਿ ਭਾਰਤ ਦੇ ਲੱਖਾਂ ਲੋਕਾਂ ਨੂੰ ਇੱਕੋ ਸਮੇਂ ਕਿਸੇ ਗੈਂਗ ਦੇ ਵੱਲੋਂ ਭੇਜੀ ਗਈ ਹੈ।

ਭਾਰਤ ਸਰਕਾਰ ਦੇ ਪ੍ਰੈਸ ਇਨਫਰਮੇਸ਼ਨ ਬਿਊਰੋ ਦੇ ਵੱਲੋਂ ਇਸ ਸਬੰਧੀ ਆਪਣੇ ਟਵਿਟਰ ਹੈਂਡਲ ਤੇ ਇੱਕ ਪੋਸਟ ਵੀ ਉਕਤ ਈਮੇਲ ਧੋਖਾਧੜੀ ਜਰੀਏ ਪਾਈ ਕਿ ਇਹ ਈਮੇਲ ਜਾਅਲੀ ਹੈ ਅਤੇ ਇਸ 'ਤੇ ਬਿਲਕੁਲ ਵੀ ਯਕੀਨ ਨਾ ਕੀਤਾ ਜਾਵੇ, ਹਾਲਾਂਕਿ ਮੈਂ ਤਾਂ ਪਹਿਲਾਂ ਹੀ ਅਜਿਹੀਆਂ ਈ-ਮੇਲ ਨੂੰ ਸਪੈਮ ਵਿੱਚ ਪਾ ਦਿੰਦਾ ਹਾਂ, ਪਰ ਮੇਰੇ ਵਰਗੇ ਹੋਰ ਲੱਖਾਂ ਨੌਜਵਾਨ ਹੋਣਗੇ, ਜਿਹੜੇ ਇਹ ਦਸਤਾਵੇਜ਼ ਵੇਖ ਕੇ ਡਰ ਜਾਂਦੇ ਹੋਣਗੇ ਅਤੇ ਤੁਰੰਤ ਈ-ਮੇਲ ਦਾ ਰਿਪਲਾਈ ਕਰਕੇ ਠੱਗਾਂ ਦੇ ਗੈਂਗ ਵਿੱਚ ਫਸ ਜਾਂਦੇ ਹੋਣਗੇ। ਭਾਵੇਂ ਕਿ ਅਸੀਂ ਕੋਈ ਗ਼ਲਤ ਕੰਮ ਨਹੀਂ ਕੀਤਾ, ਪਰ ਫਿਰ ਵੀ ਜਦੋਂ ਕਦੇ ਅਜਿਹਾ ਅਲਰਟ ਆਉਂਦਾ ਹੈ ਤਾਂ ਇੱਕ ਵਾਰ ਤਾਂ ਬੰਦਾ ਡਰ ਜਾਂਦਾ ਹੈ ਕਿ ਉਸ ਨਾਲ ਆਖ਼ਰ ਇਹ ਹੋ ਕੀ ਰਿਹਾ ਹੈ?

ਲਗਾਤਾਰ ਸਾਈਬਰ ਕ੍ਰਾਈਮ ਦੇ ਵੱਧ ਰਹੇ ਕੇਸਾਂ ਨੇ ਜਿੱਥੇ ਪੁਲਿਸ ਪ੍ਰਸ਼ਾਸਨ ਦੀ ਲੋੜ ਨੂੰ ਵਧਾ ਦਿੱਤਾ ਹੈ, ਉੱਥੇ ਹੀ ਦੂਜੇ ਪਾਸੇ ਜਾਅਲੀ ਤਰੀਕੇ ਨਾਲ ਚੱਲ ਰਹੇ ਕਾਲ ਸੈਂਟਰਾਂ ਦਾ ਵੀ ਪੁਲਿਸ ਨੇ ਭਾਂਡਾ ਭੰਨ ਦਿੱਤਾ ਹੈ। ਭਾਰਤ ਦੇ ਵੱਖ-ਵੱਖ ਖੇਤਰਾਂ ਦੇ ਅੰਦਰ ਇਸ ਸਮੇਂ ਆਈ.ਟੀ ਨਾਲ ਸਬੰਧਿਤ ਕਈ ਤਰ੍ਹਾਂ ਦੇ ਸੈਂਟਰ ਚੱਲ ਰਹੇ ਨੇ, ਜਿੰਨਾ ਦਾ ਕੰਮ ਭਾਵੇਂ ਕਿ ਆਈ.ਟੀ ਸੈਕਟਰ ਨੂੰ ਅੱਗੇ ਵਧਾਉਣਾ ਹੈ ਪਰ ਕੁੱਝ ਥਾਵਾਂ ਤੇ ਇਹਨਾਂ ਆਈ ਟੀ ਸੈਂਟਰਾਂ ਦਾ ਗ਼ਲਤ ਇਸਤੇਮਾਲ ਹੋ ਰਿਹਾ ਹੈ। ਪਿਛਲੇ ਦਿਨੀਂ ਇੱਕ ਕਾਲ ਸੈਂਟਰ ਦਿੱਲੀ ਪੁਲਿਸ ਦੇ ਵੱਲੋਂ ਫੜਿਆ ਗਿਆ, ਜਿੱਥੋਂ ਦਰਜਨਾਂ ਨੌਜਵਾਨ ਮੁੰਡੇ ਕੁੜੀਆਂ ਗਿਰਫਤਾਰ ਕੀਤੇ, ਜੋ ਵੱਖ ਵੱਖ ਸਮੇਂ ਤੇ ਲੋਕਾਂ ਨੂੰ ਪਹਿਲਾਂ ਤਾਂ ਆਪਣੇ ਜਾਲ ਵਿੱਚ ਫਸਾਉਂਦੇ ਸਨ ਅਤੇ ਸਭ ਤੋਂ ਅਹਿਮ ਗੱਲ ਕਿ ਉਹ ਅੰਗਰੇਜ਼ੀ ਬੋਲ ਕੇ ਆਪਣੇ ਆਪ ਨੂੰ ਵਿਦੇਸ਼ੀ ਦੱਸਦੇ ਸਨ ਅਤੇ ਇਸੇ ਤਰੀਕੇ ਠੱਗੀ ਮਾਰਦੇ ਸਨ।

ਹੁਣ ਸਭਨਾਂ ਦੇ ਮਨਾਂ ਵਿੱਚ ਸਵਾਲ ਹੋਵੇਗਾ ਕਿ ਇਹਨਾਂ ਸਾਈਬਰ ਠੱਗਾਂ ਤੋਂ ਬਚਿਆ ਕਿਵੇਂ ਜਾਵੇ। ਸਭ ਤੋਂ ਪਹਿਲਾਂ ਗੱਲ ਈਮੇਲ ਦੀ ਕਰਦੇ ਹਾਂ। ਜੇਕਰ ਕੋਈ ਵੀ ਤੁਹਾਨੂੰ ਧਮਕੀ ਭਰੀ ਈ-ਮੇਲ ਜਿਵੇਂ ਕਿ ਤੁਸੀਂ ਪੋਰਨ ਸਮੱਗਰੀ ਸ਼ੇਅਰ ਕੀਤੀ ਹੈ ਜਾਂ ਫਿਰ ਤੁਸੀਂ ਇਹ ਪਾਰਸਲ ਕੀਤਾ ਸੀ, ਜਿਸ ਵਿੱਚੋਂ ਨਜਾਇਜ਼ ਸਮੱਗਰੀ ਨਿਕਲੀ ਹੈ, ਅਜਿਹੀਆਂ ਈਮੇਲ ਆਉਂਦੀਆਂ ਹਨ ਤਾਂ ਕਦੇ ਵੀ ਇਹਨਾਂ ਤੇ ਗ਼ੌਰ ਨਾ ਕਰੋ ਅਤੇ ਤੁਰੰਤ ਇਸ ਦਾ ਸਕਰੀਨ ਸ਼ਾਰਟ ਲੈ ਕੇ ਰੱਖ ਲਓ। ਇਸ ਤੋਂ ਇਲਾਵਾ ਉਕਤ ਸਕਰੀਨ ਸ਼ਾਰਟ ਨੂੰ ਭਾਰਤ ਸਰਕਾਰ ਦੇ ਪੀਆਈਬੀ ਫੈਕਟ ਚੈੱਕ ਨਾਲ ਸਾਂਝਾ ਕਰੋ ਤਾਂ ਜੋ ਹੋਰ ਨਾਲ ਲੋਕਾਂ ਨੂੰ ਇਸ ਸਾਈਬਰ ਫਰੌਡ ਬਾਰੇ ਪਤਾ ਲੱਗ ਸਕੇ ਕਿ ਉਹ ਕਿਹੜੇ ਲੋਕ ਹਨ, ਜਿਹੜੇ ਲੋਕਾਂ ਨਾਲ ਧੋਖਾਧੜੀ ਕਰਨ ਵਿੱਚ ਲੱਗੇ ਹੋਏ ਹਨ।

ਵੈਸੇ ਈ-ਮੇਲ ਜਰੀਏ ਜਿਹੜੇ ਸਾਈਬਰ ਠੱਗ ਧਮਕੀ ਦਿੰਦੇ ਹਨ, ਅਸਲ ਦੇ ਵਿੱਚ ਉਹ ਖ਼ੁਦ ਅੰਦਰੋਂ ਡਰੇ ਹੁੰਦੇ ਹਨ। ਭਾਵੇਂ ਕਿ ਉਨ੍ਹਾਂ ਦੇ ਆਈ.ਪੀ ਐਡਰੈੱਸ ਅਸੀਂ ਕੈਚ ਨਹੀਂ ਕਰ ਪਾਉਂਦੇ, ਪਰ ਉਨ੍ਹਾਂ ਦੁਆਰਾ ਛੱਡੇ ਗਏ ਤੀਰ ਦਾ ਜੇਕਰ ਅਸੀਂ ਸ਼ਿਕਾਰ ਬਣਦੇ ਹਾਂ, ਤਾਂ ਸਾਡਾ ਬੈਂਕ ਖਾਤਾ ਤਾਂ ਖ਼ਾਲੀ ਹੋਵੇਗਾ ਹੀ, ਨਾਲ ਹੀ ਜ਼ਮਾਨੇ ਵਿੱਚ ਬਦਨਾਮੀ ਵੱਖਰੀ ਹੋਵੇਗੀ।

ਇੱਥੇ ਵਿਸ਼ੇਸ਼ ਗੱਲ ਦੱਸਣ ਯੋਗ ਇਹ ਹੈ ਕਿ ਕਦੇ ਵੀ ਅਧਿਕਾਰਤ ਸਰਕਾਰੀ ਕੰਪਨੀ ਅਦਾਰਾ ਜਾਂ ਫਿਰ ਪੁਲਿਸ ਪ੍ਰਸ਼ਾਸਨ ਈਮੇਲ ਦੇ ਜਰੀਏ ਕੁੱਝ ਵੀ ਦਸਤਾਵੇਜ਼ ਸਾਡੀ ਆਗਿਆ ਤੋਂ ਬਿਨਾਂ ਨਹੀਂ ਭੇਜਦਾ, ਜਿੰਨੀ ਦੇਰ ਤੱਕ ਅਸੀਂ ਕੋਈ ਆਪਣਾ ਦਸਤਾਵੇਜ਼ ਰੀਨਿਊ ਜਾਂ ਫਿਰ ਆਪਣਾ ਕੋਈ ਨਵਾਂ ਦਸਤਾਵੇਜ਼ ਤਿਆਰ ਕਰਨ ਲਈ ਸਰਕਾਰੀ ਅਦਾਰੇ ਤੱਕ ਪਹੁੰਚ ਨਹੀਂ ਕਰਦੇ, ਉਦੋਂ ਤੱਕ ਕੋਈ ਵੀ ਅਦਾਰਾ ਜਾਂ ਫਿਰ ਸਰਕਾਰੀ ਸੰਸਥਾ ਸਾਨੂੰ ਈਮੇਲ ਵਗ਼ੈਰਾ ਨਹੀਂ ਕਰਦੀ, ਹਾਂ ਇਹਨਾਂ ਹੋ ਸਕਦਾ ਹੈ ਕਿ ਸਰਕਾਰ ਦੁਆਰਾ ਲੋਕ ਹਿਤ ਜਾਰੀ ਕੀਤੀਆਂ ਜਾਂਦੀਆਂ ਸਕੀਮਾਂ ਜ਼ਰੂਰ ਸਾਡੇ ਤੱਕ ਸਾਂਝੀਆਂ ਕੀਤੀਆਂ ਜਾਂਦੀਆਂ ਹਨ।

ਹੁਣ ਗੱਲ ਕਰਦੇ ਹਾਂ ਮੋਬਾਈਲ ਤੇ ਆਉਣ ਵਾਲੇ ਓ.ਟੀ.ਪੀ ਅਤੇ ਧਮਕੀ ਭਰੀਆਂ ਕਾਲਾਂ ਦੀ। ਅਕਸਰ ਹੀ ਮੋਬਾਈਲ ਤੇ ਅਨਜਾਣੇ ਨੰਬਰਾਂ ਤੋਂ ਧਮਕੀ ਭਰੀਆਂ ਕਾਲਾਂ ਲੋਕਾਂ ਨੂੰ ਆ ਰਹੀਆਂ ਹਨ ਅਤੇ ਲੋਕ ਤੁਰੰਤ ਇਹਨਾਂ ਕਾਲਾਂ ਦੇ ਵਿਸ਼ਵਾਸ ਕਰਕੇ ਆਪਣਾ ਸਭ ਕੁੱਝ ਲੁਟਾ ਰਹੇ ਹਨ, ਪਰ ਜਦੋਂ ਲੋਕਾਂ ਨੂੰ ਅਸਲੀਅਤ ਪਤਾ ਲੱਗਦੀ ਹੈ ਤਾਂ ਉਹ ਹੱਕੇ ਬੱਕੇ ਰਹਿ ਜਾਂਦੇ ਹਨ। ਇਸ ਲਈ ਚਾਹੀਦਾ ਹੈ ਕਿ ਜਿੰਨੀ ਦੇਰ ਤੱਕ ਸਾਨੂੰ ਕੋਈ ਜਾਣਦਾ ਪਛਾਣਦਾ ਨਹੀਂ ਉੱਨੀ ਦੇਰ ਤੱਕ ਕਿਸੇ ਵੀ ਕਾਲ ਜਾਂ ਫਿਰ ਫ਼ੋਨ ਮੈਸੇਜ ਤੇ ਯਕੀਨ ਨਾ ਕੀਤਾ ਜਾਵੇ ਅਤੇ ਨਾ ਹੀ ਅਜਿਹੀਆਂ ਫ਼ੋਨ ਕਾਲਾਂ ਨੂੰ ਚੁੱਕਿਆ ਜਾਵੇ।

ਇੱਕ ਜਾਣਕਾਰੀ ਇਹ ਵੀ ਹੈ ਕਿ ਕਿਸੇ ਵੀ ਅਣਜਾਨ ਨੰਬਰ ਤੋਂ ਜਦੋਂ ਅਸੀਂ ਦੂਜੀ ਜਾਂ ਫਿਰ ਤੀਜੀ ਵਾਰ ਕਾਲ ਚੁੱਕਦੇ ਹਾਂ ਤਾਂ ਸਾਡੇ ਦੁਆਰਾ ਓ.ਟੀ.ਪੀ ਦਿੱਤੇ ਬਿਨਾਂ ਹੀ ਸਾਡਾ ਮੋਬਾਈਲ ਫ਼ੋਨ ਅਤੇ ਈ-ਮੇਲ ਹੈੱਕ ਹੋ ਸਕਦੀ ਹੈ। ਜਿਸ ਨਾਲ ਸਾਡਾ ਡਾਟਾ ਲੀਕ ਹੋ ਸਕਦਾ ਹੈ ਅਤੇ ਅਹਿਮ ਗੱਲ ਇਹ ਕਿ ਸਾਡਾ ਬੈਂਕ ਖਾਤਾ ਵੀ ਖ਼ਾਲੀ ਹੋ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਕੋਈ ਮੋਬਾਈਲ ਫ਼ੋਨ ਤੇ ਮੈਸੇਜ ਆਵੇ ਕਿ, ਤੁਹਾਡਾ ਬੈਂਕ ਖਾਤਾ ਬੰਦ ਹੋਣ ਵਾਲਾ ਹੈ ਜਾਂ ਫਿਰ ਤੁਹਾਡਾ ਮੋਬਾਈਲ ਨੰਬਰ, ਤੁਹਾਡਾ ਪੈੱਨ ਕਾਰਡ ਆਦਿ ਬੰਦ ਹੋ ਜਾਣਗੇ, ਅਜਿਹੇ ਵਿੱਚ ਕਦੇ ਵੀ ਨਿੱਜੀ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕਰੋ ਅਤੇ ਨਾ ਹੀ ਅਜਿਹੇ ਮੈਸੇਜ ਤੇ ਵਿਸ਼ਵਾਸ ਕਰੋ, ਨਹੀਂ ਤਾਂ ਇੱਕ ਮਿੰਟ ਨਹੀਂ ਲੱਗਣਾ ਤੁਹਾਡਾ ਖਾਤਾ ਖ਼ਾਲੀ ਹੋਣ ਨੂੰ! ਸੋ ਕਦੇ ਵੀ ਅਣਜਾਣ ਨੰਬਰਾਂ ਤੋਂ ਕਾਲ ਨਾ ਚੱਕੋ ਅਤੇ ਨਾ ਹੀ ਫ਼ਰਜ਼ੀ ਈਮੇਲ ਤੇ ਧਿਆਨ ਦਿਓ। ਬਚਾਅ ਵਿੱਚ ਹੀ ਬਚਾਅ ਹੈ।



ਗੁਰਪ੍ਰੀਤ
-9569820314

## ਕੈਫੇ 'ਤੇ ਫਾਇਰਿੰਗ ਤੋਂ 27 ਦਿਨਾਂ ਬਾਅਦ ਕਪਿਲ ਸ਼ਰਮਾ ਨੇ ਤੋੜੀ ਚੁੱਪੀ

ਭਾਰਤ ਦੇ ਪ੍ਰਸਿੱਧ ਕਾਮੇਡੀਅਨ ਅਤੇ 'The Great Indian Kapil Show' ਦੇ ਮੇਜ਼ਬਾਨ ਕਪਿਲ ਸ਼ਰਮਾ ਦੇ ਨਵੇਂ ਕੈਫੇ Kap's Café ਉੱਤੇ ਕੈਨੇਡਾ ਦੇ ਸਰੀ ਵਿੱਚ 9 ਜੁਲਾਈ ਨੂੰ ਹੋਈ ਗੋਲੀਬਾਰੀ ਦੀ ਘਟਨਾ ਦੇ 27 ਦਿਨਾਂ ਬਾਅਦ ਕਪਿਲ ਸ਼ਰਮਾ ਨੇ ਪਹਿਲੀ ਵਾਰ ਆਪਣੇ Kap's Cafe ਨੂੰ ਲੈ ਕੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਆਪਣੇ ਕੈਫੇ ਦੀ ਇਕ ਵੀਡੀਓ ਸਾਂਝੀ ਕਰਦੇ ਹੋਏ ਸਰੀ ਦੀ ਮੇਅਰ ਬ੍ਰੇਂਡਾ ਲੌਕ ਅਤੇ ਪੁਲਸ ਦਾ ਧੰਨਵਾਦ ਕੀਤਾ ਹੈ।

ਉਨ੍ਹਾਂ ਨੇ ਕੈਪਸ਼ਨ ਵਿਚ ਲਿਖਿਆ ਹੈ, 'ਸਰੀ ਦੀ ਮੇਅਰ ਬ੍ਰੇਂਡਾ ਲੌਕ, ਸਰੀ ਪੁਲਸ ਅਤੇ ਸਾਰੇ ਅਧਿਕਾਰੀਆਂ ਦਾ ਧੰਨਵਾਦ ਜਿਨ੍ਹਾਂ ਨੇ ਆਪਣਾ ਪਿਆਰ ਅਤੇ ਸਮਰਥਨ ਦਿਖਾਉਣ ਲਈ Kap's Café ਦਾ ਦੌਰਾ ਕੀਤਾ। ਅਸੀਂ ਇੱਕਜੁੱਟ ਹੋ ਕੇ ਹਿੰਸਾ ਦੇ ਵਿਰੁੱਧ ਖੜ੍ਹੇ ਹਾਂ। ਅਸੀਂ ਸੱਚਮੁੱਚ ਧੰਨਵਾਦੀ ਹਾਂ।'

ਦੱਸ ਦੇਈਏ ਕਿ ਕਪਿਲ ਸ਼ਰਮਾ ਨੇ ਇਹ ਕੈਫੇ 8 ਜੁਲਾਈ ਨੂੰ ਸਰੀ ਵਿਚ ਖੋਲ੍ਹਿਆ ਸੀ ਅਤੇ ਇਸ ਤੋਂ ਅਗਲੇ ਹੀ ਦਿਨ ਕੈਫੇ 'ਤੇ ਘੱਟੋ-ਘੱਟ 9 ਗੋਲੀਆਂ ਚਲਾਈਆਂ ਗਈਆਂ, ਪਰ ਖੁਸ਼ਕਿਸਮਤੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਾਲਾਂਕਿ ਇਸ ਗੋਲੀਬਾਰੀ ਤੋਂ ਕੁੱਝ ਦਿਨਾਂ ਬਾਅਦ ਕੈਫੇ ਮੁੜ ਖੋਲ੍ਹ ਦਿੱਤਾ ਗਿਆ ਸੀ ਪਰ ਹਮਲੇ ਤੋਂ ਬਾਅਦ ਪਹਿਲੀ ਵਾਰ ਕਪਿਲ ਸ਼ਰਮਾ ਆਪਣੇ ਕੈਫੇ ਨੂੰ ਲੈ ਕੇ ਆਪਣੇ ਇੰਸਟਾ ਪੇਜ 'ਤੇ ਪੋਸਟ ਸਾਂਝੀ ਕੀਤੀ ਹੈ, ਜਦੋਂਕਿ ਇਸ ਤੋਂ ਪਹਿਲਾਂ ਕਪਿਲ ਸ਼ਰਮਾ ਦੇ ਕੈਫੇ ਮੈਨੇਜਮੈਂਟ ਵੱਲੋਂ ਇਸ ਕੈਫੇ ਨੂੰ ਲੈ ਕੇ ਪੋਸਟਾਂ ਸਾਂਝੀਆਂ ਕੀਤੀਆਂ ਗਈਆਂ ਸਨ।

# ਸਿੱਧੂ ਮੂਸੇਵਾਲਾ ਦੇ ਬੁੱਤ 'ਤੇ ਫਾਇਰਿੰਗ

## ਭਾਵੁਕ ਹੋਈ ਮਾਂ ਚਰਨ ਕੌਰ

ਪੰਜਾਬੀ ਸੰਗੀਤ ਦੀ ਦੁਨੀਆ ਦੇ ਚਮਕਦੇ ਸਿਤਾਰੇ ਸਿੱਧੂ ਮੂਸੇਵਾਲਾ ਦੇ ਬੁੱਤ 'ਤੇ ਹੋਈ ਫਾਇਰਿੰਗ ਮਗਰੋਂ ਮਾਂ ਚਰਨ ਕੌਰ ਨੇ ਭਾਵੁਕ ਪੋਸਟ ਸਾਂਝੀ ਕੀਤੀ ਹੈ। ਉਨ੍ਹਾਂ ਨੇ ਲਿਖਿਆ, ਸਾਡੇ ਪੁੱਤ ਦੀ ਯਾਦ 'ਤੇ ਹਮਲਾ, ਸਾਡੀ ਆਤਮਾ 'ਤੇ ਜ਼ਖ਼ਮ ਹੈ। ਬੀਤੇ ਦਿਨੀਂ ਮੇਰੇ ਪੁੱਤ ਦੀ ਯਾਦ 'ਤੇ ਗੋਲੀਆਂ ਚਲਾਈਆਂ ਗਈਆਂ। ਉਹ ਸਿਰਫ਼ ਪੱਥਰ ਦੀ ਮੂਰਤ ਨਹੀਂ ਸੀ, ਉਹ ਉਸ ਦੇ ਚਾਹੁਣ ਵਾਲਿਆਂ ਵੱਲੋਂ ਉਸਨੂੰ ਦਿੱਤਾ ਸਨਮਾਨ ਸੀ ਅਤੇ ਉਸ ਦੇ ਲਈ ਲੋਕਾਂ ਦੇ ਦਿਲਾਂ ਵਿਚ ਜੋ ਪਿਆਰ ਹੈ ਉਸ ਦਾ ਨਿਸ਼ਾਨ ਸੀ।

ਮੇਰਾ ਪੁੱਤ ਲੋਕਾਂ ਦੇ ਹੱਕਾਂ ਦੀ ਆਵਾਜ਼ ਬਣਿਆ ਰਿਹਾ, ਉਸਨੂੰ ਅਕਾਲ ਪੁਰਖ ਕੋਲ ਗਏ ਨੂੰ ਵੀ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਹਮਲਾ ਸਾਡੀ ਰੂਹ ਉੱਤੇ ਚੋਟ ਵਾਂਗ ਲੱਗਾ, ਮੇਰੇ ਪੁੱਤ ਦੀ ਜਾਨ ਦੇ ਦੁਸ਼ਮਣ ਉਸ ਦੇ ਗਏ।

ਮਗਰੋਂ ਵੀ ਉਸ ਨੂੰ ਨਹੀਂ ਛੱਡ ਰਹੇ ਪਰ ਉਸ ਦੀ ਬਗਾਵਤ ਜ਼ਰੂਰ ਕੀਤੀ ਜਾ ਸਕਦੀ ਏ ਪਰ ਉਸ ਨੂੰ ਮਿਟਾਇਆ ਨਹੀਂ ਜਾ ਸਕਦਾ, ਉਹ ਇੱਕ ਲਹਿਰ ਆ, ਜੋ ਹਮੇਸ਼ਾ ਚੱਲਦੀ ਰਹੇਗੀ। ਮੈਂ ਸਾਰਿਆਂ ਨੂੰ ਇਹੀ ਕਹਿਣਾ ਚਾਹੁੰਦੀ ਹਾਂ: ਕਿ ਇਕ ਨਾ ਇਕ ਦਿਨ ਹਰ ਇਕ ਨੂੰ ਉਸ ਦੀ ਕੀਤੀ ਦੀ ਸਜ਼ਾ ਜ਼ਰੂਰ ਮਿਲੇਗੀ। ਸਾਡੀ ਚੁੱਪੀ ਸਾਡੀ ਹਾਰ ਨਹੀਂ।



ਦੱਸ ਦੇਈਏ ਕਿ ਹਰਿਆਣਾ ਦੇ ਡਬਵਾਲੀ 'ਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਯਾਦ 'ਚ ਬਣਾਏ ਗਏ ਸਮਾਰਕ ਸਥਾਨ 'ਤੇ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਬਾਰੀ ਕੀਤੀ ਗਈ ਸੀ। ਇਹ ਘਟਨਾ ਤਕਰੀਬਨ 3 ਦਿਨ ਪਹਿਲਾਂ ਰਾਤ ਦੇ ਸਮੇਂ ਵਾਪਰੀ, ਜਦੋਂ ਹਮਲਾਵਰ ਆਏ ਅਤੇ ਮੂਸੇਵਾਲਾ ਦੀ ਮੂਰਤੀ 'ਤੇ ਗੋਲੀਆਂ ਚਲਾ ਕੇ ਫਰਾਰ ਹੋ ਗਏ। ਉਥੇ ਹੀ ਇਸ ਹਮਲੇ ਦੀ ਜ਼ਿੰਮੇਵਾਰੀ ਲੌਰੈਂਸ ਗੈਂਗ ਵੱਲੋਂ ਲਈ ਗਈ ਹੈ। ਗੈਂਗ ਦੇ ਮੈਂਬਰ ਗੋਲਡੀ ਢਿੱਲੋਂ ਅਤੇ ਆਰਜ਼ੂ ਬਿਸ਼ਨੋਈ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਦੱਸਿਆ ਕਿ ਉਨ੍ਹਾਂ ਨੇ ਹੀ ਇਹ ਹਮਲਾ ਕਰਵਾਇਆ ਹੈ। ਪੋਸਟ 'ਚ ਮੂਰਤੀ ਲਗਵਾਉਣ ਵਾਲਿਆਂ ਨੂੰ ਚੇਤਾਵਨੀ ਦਿੱਤੀ ਗਈ ਕਿ ਉਹ ਸਿੱਧੂ ਮੂਸੇਵਾਲਾ ਨੂੰ ਸ਼ਹੀਦ ਦਰਸਾ ਕੇ ਲੋਕਾਂ ਨੂੰ ਭਟਕਾ ਰਹੇ ਹਨ।

# ਪੰਜਾਬੀ ਗਾਇਕ ਹਰਭਜਨ ਮਾਨ ਸੜਕ ਹਾਦਸੇ ਦਾ ਸ਼ਿਕਾਰ



ਮਸ਼ਹੂਰ ਪੰਜਾਬੀ ਗਾਇਕ ਹਰਭਜਨ ਮਾਨ ਦਾ ਹਰਿਆਣਾ ਦੇ ਕੁਰੂਕਸ਼ੇਤਰ ਵਿੱਚ ਉਸ ਵੇਲੇ ਇੱਕ ਹਾਦਸਾ ਵਾਪਰ ਗਿਆ, ਜਦੋਂ ਉਹ ਸੋਮਵਾਰ ਨੂੰ ਦਿੱਲੀ ਵਿੱਚ ਇੱਕ ਸ਼ੋਅ ਕਰਨ ਤੋਂ ਬਾਅਦ ਚੰਡੀਗੜ੍ਹ ਜਾ ਰਹੇ ਸਨ। ਜਿਵੇਂ ਹੀ ਉਹ ਸਵੇਰੇ 5 ਵਜੇ ਦੇ ਕਰੀਬ ਦਿੱਲੀ-ਚੰਡੀਗੜ੍ਹ ਰਾਸ਼ਟਰੀ ਰਾਜਮਾਰਗ-44 'ਤੇ ਪਿਪਲੀ ਫਲਾਈਓਵਰ 'ਤੇ ਪਹੁੰਚੇ ਤਾਂ ਅਚਾਨਕ ਇੱਕ ਗਾਂ ਉਨ੍ਹਾਂ ਦੀ ਕਾਰ ਦੇ ਸਾਹਮਣੇ ਆ ਗਈ।

ਗਾਂ ਨਾਲ ਟਕਰਾਉਣ ਤੋਂ ਬਾਅਦ ਕਾਰ ਡਿਵਾਈਡਰ ਨਾਲ ਟਕਰਾ ਗਈ ਅਤੇ ਫਿਰ ਪਲਟ ਗਈ। ਨੇੜੇ-ਤੇੜੇ ਦੇ ਲੋਕਾਂ ਨੇ ਤੁਰੰਤ ਉਨ੍ਹਾਂ ਨੂੰ ਬਾਹਰ ਕੱਢਿਆ। ਖੁਸ਼ਕਿਸਮਤੀ ਨਾਲ ਇਸ ਹਾਦਸੇ ਵਿੱਚ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ। ਹਰਭਜਨ ਤੋਂ ਇਲਾਵਾ ਉਨ੍ਹਾਂ ਦਾ ਡਰਾਈਵਰ, ਸੁਰੱਖਿਆ ਕਰਮਚਾਰੀ ਅਤੇ ਇੱਕ ਹੋਰ ਵਿਅਕਤੀ ਵੀ ਕਾਰ ਵਿੱਚ ਸਨ। ਇਸ ਹਾਦਸੇ ਵਿੱਚ ਸੁਰੱਖਿਆ ਕਰਮਚਾਰੀ ਜ਼ਖਮੀ ਹੋ ਗਏ ਹਨ। ਘਟਨਾ ਤੋਂ ਥੋੜ੍ਹੀ ਦੇਰ ਬਾਅਦ ਹਰਭਜਨ ਮਾਨ ਇੱਕ ਹੋਰ ਕਾਰ ਵਿੱਚ ਚੰਡੀਗੜ੍ਹ ਲਈ ਰਵਾਨਾ ਹੋ ਗਏ।

ਦੱਸ ਦੇਈਏ ਕਿ ਹਰਭਜਨ ਮਾਨ ਇੱਕ ਮਸ਼ਹੂਰ ਪੰਜਾਬੀ ਗਾਇਕ, ਅਦਾਕਾਰ ਅਤੇ ਫਿਲਮ ਨਿਰਮਾਤਾ ਹਨ। ਉਨ੍ਹਾਂ ਦਾ ਜਨਮ 30 ਦਸੰਬਰ 1965 ਨੂੰ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਖੇਮੂਆਣਾ ਪਿੰਡ ਵਿੱਚ ਹੋਇਆ ਸੀ। ਹਰਭਜਨ ਨੇ ਆਪਣੇ ਗਾਇਕੀ ਕਰੀਅਰ ਦੀ ਸ਼ੁਰੂਆਤ 1980 ਵਿੱਚ ਕੀਤੀ ਸੀ। ਹਾਲਾਂਕਿ, ਉਨ੍ਹਾਂ ਦੀ ਪੇਸ਼ੇਵਰ ਗਾਇਕੀ ਦੀ ਸ਼ੁਰੂਆਤ 1992 ਵਿੱਚ ਪੰਜਾਬੀ ਗੀਤ "ਚਿੱਠੀਏ ਨੀ ਚਿੱਠੀਏ" ਨਾਲ ਹੋਈ ਸੀ।

ਹਰਭਜਨ ਮਾਨ ਨੂੰ ਅਸਲ ਪਛਾਣ ਉਦੋਂ ਮਿਲੀ ਜਦੋਂ ਉਨ੍ਹਾਂ ਦੀ ਐਲਬਮ "ਓਏ-ਹੋਏ" ਨੂੰ ਟੀ-ਸੀਰੀਜ਼ ਅਤੇ ਐਮਟੀਵੀ ਇੰਡੀਆ ਦੁਆਰਾ 1999 ਵਿੱਚ ਪ੍ਰਮੋਟ ਕੀਤਾ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੇ "ਜਗ ਜਿਓਂਦਿਆ ਦੇ ਮੇਲੇ", "ਵਧੀਆਂ ਜੀ ਵਧਾਈਆਂ", "ਨਚ ਲੈ", "ਹਾਏ ਮੇਰੀ ਬਿੱਲੋ", "ਸਤਰੰਗੀ ਪੀਂਘ" ਅਤੇ "ਮੌਜ ਮਸਤੀਆਂ" ਵਰਗੇ ਹਿੱਟ ਗੀਤ ਦਿੱਤੇ।

BUY I SELL I INVEST
TEAM GILL



Amarjit Sangha Sales Representative 905-874-9600
Shamsher Gill Sales Representative 905-744-4400
Simrat Grewal Sales Representative 416-414-2878

DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੋਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
BROKERAGE, INDEPENDENTLY OWNED & OPERATED
MLS MULTIPLE LISTING SERVICE
INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW
Send your resume
disptach.accesspersonnel@gmail.com
Contact: 416-675-2288
Shift Available
Morning
Afternoon
Night

## –ਸ਼ਾਂਤਮਈ ਸੰਘਰਸ਼ ਦੀ ਜਿੱਤ ਦਾ ਇਤਿਹਾਸ–

# ਮੋਰਚਾ ਗੁਰੂ ਕਾ ਬਾਗ਼



ਜਿੱਥੇ ਗੁਰਮਤਿ ਦੇ ਸਿਧਾਂਤ ਸੇਵਾ, ਸਿਮਰਨ, ਪ੍ਰੇਮ, ਸਾਂਝ ਅਤੇ ਕੁਰਬਾਨੀ , ਅੱਜ ਤੱਕ ਲਾਗੂ ਹੁੰਦੇ ਵੇਖਦੇ ਹਾਂ, ਉੱਥੇ ਦੂਜੇ ਪਾਸੇ ਅਣਖ, ਬਹਾਦਰੀ, ਨਿਰਭੈਤਾ, ਆਪਣੇ ਹੱਕਾਂ ਲਈ ਜ਼ੁਲਮ ਵਿਰੁੱਧ ਅੰਤ ਤੱਕ ਲੜਨਾ ਵੀ ਸਾਨੂੰ ਵਿਰਸੇ ਵਿੱਚ ਹੀ ਮਿਲਿਆ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਅਜੋਕੇ ਸਮੇਂ ਤੱਕ ਖਾਲਸੇ ਦੀ ਰਾਜ ਸ਼ਕਤੀ ਨਾਲ ਟੱਕਰ ਹੁੰਦੀ ਆਈ ਹੈ। ਤੇਗ ਦੀ ਧਾਰ ਵਿਚੋਂ ਜੰਮਿਆ ਖਾਲਸਾ 'ਕਬਹੂੰ ਨ ਛਾਡੈ ਖੇਤਿ' ਦੀ ਗੁੜਤੀ ਲਈ ਹੋਣ ਕਾਰਨ ਪੁਰਜਾ ਪੁਰਜਾ ਕਟਵਾ ਕੇ ਖਤਮ ਤਾਂ ਭਾਵੇਂ ਹੋ ਜਾਵੇ, ਪਰ ਜਿੱਤ ਤੱਕ ਲੜਦੇ ਰਹਿਣਾ ਕਦੇ ਨਹੀਂ ਭੁੱਲਦਾ। ਅੱਜ ਅਸੀਂ ਸ਼ਾਂਤਮਈ ਸਿੱਖ ਸੰਘਰਸ਼ ਦੀ ਦਾਸਤਾਂ ਬਿਆਨ ਕਰਨ ਵਾਲੇ ਇੱਕ ਅਜਿਹੇ ਹੀ ਸਾਕੇ ਬਾਰੇ ਗੱਲ ਕਰਾਂਗੇ, ਜੋ ਸਿੱਖ ਇਤਿਹਾਸ ਵਿੱਚ ਮੋਰਚਾ ਗੁਰੂ ਕਾ ਬਾਗ਼ ਨਾਂ ਨਾਲ ਜਾਣਿਆ ਜਾਂਦਾ ਹੈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਸੀ। ਮਹੰਤਾਂ ਦੇ ਕਬਜੇ ਹੇਠ ਆਏ ਹੋਏ ਗੁਰਦੁਆਰੇ ਛੁਡਵਾਏ ਜਾ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆ ਚੁੱਕੀ ਸੀ ਅਤੇ ਗੁਰਦੁਆਰਿਆਂ ਅੰਦਰ ਖੁੱਸੀ ਹੋਈ ਮਰਿਯਾਦਾ ਬਹਾਲ ਕੀਤੀ ਜਾ ਰਹੀ ਸੀ। ਅੰਮ੍ਰਿਤਸਰ ਤੋਂ 13 ਕੁ ਮੀਲ ਦੂਰ ਪਿੰਡ ਘੁਕੇਵਾਲੀ ਵਿੱਚ ਗੁਰਦੁਆਰਾ ਗੁਰੂ ਕਾ ਬਾਗ਼ ਸਥਿਤ ਹੈ ਜਿੱਥੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ। ਗੁਰਦੁਆਰੇ ਕੋਲ ਗੁਰੂ ਤੇਗ ਬਹਾਦਰ ਜੀ ਨੇ ਇੱਕ ਬਾਗ਼ ਲਗਵਾਇਆ ਸੀ, ਜਿਹੜਾ ਗੁਰੂ ਕਾ ਬਾਗ਼ ਕਰਕੇ ਜਾਣਿਆ ਜਾਣ ਲੱਗਾ। ਇਹ ਗੁਰਦੁਆਰਾ ਮਹੰਤ ਸੁੰਦਰ ਦਾਸ ਦੇ ਕਬਜੇ ਵਿੱਚ ਸੀ। ਇਹ ਮਹੰਤ ਵਿਭਚਾਰੀ ਅਤੇ ਅਯਾਸ਼ ਕਿਸਮ ਦਾ ਵਿਅਕਤੀ ਸੀ ਨਨਕਾਣਾ ਸਾਹਿਬ ਦੇ ਮਹੰਤ ਲਛਮਣ ਦਾਸ ਦਾ ਲੰਗੋਟੀਆ ਯਾਰ ਸੀ। ਸੁੰਦਰ ਦਾਸ ਨੇ ਬਿਨਾਂ ਵਿਆਹ ਕਰਵਾਏ ਤੋਂ ਦੋ ਇਸਤਰੀਆਂ ਈਸ਼ਰੋ ਅਤੇ ਜਗਦੇਈ ਰੱਖੀਆਂ ਹੋਈਆਂ ਸਨ। ਜਦੋਂ ਸੁਧਾਰ ਲਹਿਰ ਦਾ ਧਿਆਨ ਇਸ ਪਾਸੇ ਆਇਆ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਦਾਨ ਸਿੰਘ ਅਤੇ ਕਰਤਾਰ ਸਿੰਘ ਝੱਬਰ ਦੀ ਨਿਗਰਾਨੀ ਹੇਠ ਇੱਕ ਜੱਥਾ 31 ਜਨਵਰੀ 1921 ਨੂੰ ਇਸ ਮਹੰਤ ਨੂੰ ਸਮਝਾਉਣ ਲਈ ਭੇਜਿਆ ਗਿਆ। ਇਸ ਜੱਥੇ ਦੇ ਦਲੀਲਪੂਰਨ ਗੱਲ ਕਰਨ ਨਾਲ ਇਸ ਨੇ ਆਪਣੀ ਗਲਤੀ ਕਬੂਲ ਕਰ ਲਈ ਅਤੇ ਜੱਥੇ ਨਾਲ ਇਕਰਾਰ ਕੀਤਾ ਕਿ ਉਹ ਗਲਤ ਕੰਮ ਛੱਡ ਦੇਵੇਗਾ ਅਤੇ ਅੰਮ੍ਰਿਤ ਵੀ ਛਕ ਲਵੇਗਾ। ਉਸ ਨੇ ਅਕਾਲ ਤਖਤ ਤੋਂ ਅੰਮ੍ਰਿਤ ਛਕ ਵੀ ਲਿਆ। ਈਸ਼ਰੋ ਨਾਲ ਵਿਆਹ ਵੀ ਕਰਵਾ ਲਿਆ। ਕੁਝ ਦੇਰ ਲਈ ਸੁਧਰਿਆ ਵੀ ਰਿਹਾ । 23 ਅਗਸਤ 1921 ਨੂੰ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਆਪ ਸੰਭਾਲ ਲਿਆ ਸੀ।

8 ਅਗਸਤ 1922 ਨੂੰ ਜਦੋਂ ਕੁਝ ਸਿੰਘ ਗੁਰੂ ਕੇ ਲੰਗਰ ਵਾਸਤੇ ਗੁਰੂ ਕੇ ਬਾਗ ਵਿੱਚੋਂ ਸੁੱਕੇ ਕਿੱਕਰ ਨੂੰ ਕੱਟ ਰਹੇ ਸਨ, ਤਾਂ ਮਹੰਤ ਸੁੰਦਰ ਦਾਸ ਨੇ ਪੁਲਿਸ ਕੋਲ ਸ਼ਿਕਾਇਤ ਲਗਾ ਦਿੱਤੀ। ਜਿਸ ਤੇ ਕਾਰਵਾਈ ਕਰਦੇ ਹੋਏ ਅਗਲੇ ਦਿਨ ਸਰਕਾਰ ਨੇ 5 ਸੇਵਾਦਾਰਾਂ ਨੂੰ ਚੋਰੀ ਦੇ ਦੋਸ਼ ਹੇਠ ਫੜ ਲਿਆ। ਅਤੇ ਮਿਸਟਰ ਜੇਨਕਿਨ ਦੀ ਅਦਾਲਤ ਨੇ 50 ਰੁਪਏ ਜੁਰਮਾਨਾ ਅਤੇ 6 ਮਹੀਨੇ ਦੀ ਕੈਦ ਦੀ ਸਜਾ ਸੁਣਾ ਦਿੱਤੀ। ਇਸ ਗੱਲ ਨੂੰ ਸ਼੍ਰੋਮਣੀ ਕਮੇਟੀ ਸਮੇਤ ਸਮੂਹ ਸਿੱਖਾਂ ਨੇ ਹੱਕਾਂ ਤੇ ਡਾਕਾ ਸਮਝਿਆ। ਕਿਉਂਕਿ ਗੁਰੂ ਕਾ ਬਾਗ਼ ਗੁਰਦੁਆਰੇ ਦੀ ਮਲਕੀਅਤ ਸੀ ਅਤੇ ਆਪਣੀ ਹੀ ਜਮੀਨ ਵਿਚੋਂ ਗੁਰੂ ਕੇ ਲੰਗਰ ਲਈ ਸੁੱਕੀ ਕਿੱਕਰ ਕੱਟਣੀ ਕਿਵੇਂ ਗੁਨਾਹ ਬਣ ਗਿਆ ? ਇਸ ਲਈ ਪੰਥ ਨੇ ਸੰਘਰਸ਼ ਸ਼ੁਰੂ ਕਰ ਦਿੱਤਾ।

ਹਰ ਰੋਜ ਪੰਜ ਸਿੰਘਾਂ ਦਾ ਜੱਥਾ ਅਕਾਲ ਤਖਤ ਤੋਂ ਅਰਦਾਸ ਕਰਕੇ ਗੁਰੂ ਕੇ ਬਾਗ਼ ਲਈ ਚਾਲੇ ਪਾ ਦਿੰਦਾ। ਪੁਲਿਸ ਰਸਤੇ ਵਿੱਚ ਹੀ ਕੁੱਟਣਾ ਸ਼ੁਰੂ ਕਰ ਦਿੰਦੀ। ਲਾਠੀਆਂ ਨਾਲ, ਬੂਟਾਂ ਨਾਲ ਕੁੱਟਦੀ। ਕੇਸਾਂ ਤੋਂ ਫੜ ਕੇ ਧੂੰਹਦੀ । ਅਤੇ ਹੋਰ ਕਿਸੇ ਥਾਂ ਤੇ ਲੈ ਜਾਂਦੀ। ਜਿਉ ਜਿਉ ਪੁਲਿਸ ਦੇ ਅੱਤਿਆਚਾਰ ਵਧਣ ਲੱਗੇ, ਤਿਉ ਤਿਉ ਮੋਰਚੇ ਵਿੱਚ ਜੋਸ਼ ਵੀ ਵਧਦਾ ਗਿਆ। ਗ੍ਰਿਫਤਾਰੀ ਦੇਣ ਵਾਲੇ ਜੱਥੇ ਦੀ ਗਿਣਤੀ ਵੱਧਦੀ ਵੱਧਦੀ ਪਹਿਲਾਂ 100 ਅਤੇ ਫਿਰ 200 ਤੱਕ ਪੁੱਜ ਗਈ। ਪੁਲਿਸ ਮੁਖੀ ਬੀ. ਟੀ . ਨੇ ਹੋਰ ਸਖਤੀ ਵਧਾ ਦਿੱਤੀ, ਜਿਵੇਂ ਕਿ ਆਮ ਹੀ ਹਰ ਸਰਕਾਰ ਹਰ ਵਿਰੋਧ ਨੂੰ ਸਖਤੀ ਨਾਲ ਕੁਚਲਣ ਦੀ ਸ਼ੌਕੀਨ ਹੁੰਦੀ ਹੈ। 26 ਅਗਸਤ ਨੂੰ ਲੱਕੜ ਲੈਣ ਗਏ 36 ਸਿੰਘਾਂ ਦੇ ਜੱਥੇ ਦੀ ਬੇਤਹਾਸ਼ਾ ਮਾਰ ਕੁੱਟ ਕੀਤੀ ਗਈ। ਕੇਸਾਂ ਤੋਂ ਫੜ ਫੜ ਕੇ ਖਿੱਚਿਆ ਗਿਆ। ਇਸ ਸਾਰੇ ਸੰਘਰਸ਼ ਦੀ ਇੱਕ ਖਾਸ ਗੱਲ ਇਹ ਸੀ ਕਿ ਸਿੰਘ ਪੂਰੀ ਤਰਾਂ ਸ਼ਾਂਤ ਸਨ। ਉਹ ਅਕਾਲ ਤਖ਼ਤ ਤੋਂ ਅਰਦਾਸ ਕਰਕੇ ਚੱਲਦੇ। ਬਾਕਾਇਦਾ ਸਿਰੋਪੇ ਦੇ ਕੇ ਸਨਮਾਨ ਕੀਤਾ ਜਾਂਦਾ। ਅਤੇ ਉਹ ਹਰ ਜ਼ੁਲਮ ਸਹਿੰਦੇ ਹੋਏ, ਆਪਣੀ ਸ਼ਾਂਤੀ ਬਿਲਕੁਲ ਨਾ ਗਵਾਉਂਦੇ। ਨਾ ਵਿਰੋਧ ਵਿੱਚ ਬੋਲਦੇ, ਤੇ ਨਾ ਕਿਸੇ ਤਰਾਂ ਦੀ ਜਵਾਬੀ ਕਾਰਵਾਈ। ਡੀ .ਸੀ. ਡੰਨਿਟ ਅਤੇ ਪੁਲਿਸ ਕਪਤਾਨ ਮੈਕਫਰਸਨ ਹੋਰ ਸਖ਼ਤੀ ਕਰਕੇ ਮੋਰਚੇ ਨੂੰ ਦਬਾਉਣਾ ਚਾਹੁੰਦੇ ਸਨ, ਪਰ ਸਿੰਘਾਂ ਨੂੰ ਮੀਰ ਮੰਨੂੰ ਦੇ ਕੀਤੇ ਜ਼ੁਲਮ ਅਤੇ ਸਿੱਖਾਂ ਦੀ ਚੜ੍ਹਦੀ ਕਲਾ ਯਾਦ ਸੀ। ਮੀਰ ਮੰਨੂੰ ਸਮੇਂ ਸਿੱਖ ਇਹ ਗਾਇਆ ਕਰਦੇ ਸਨ।


ਜਸਵਿੰਦਰ ਸਿੰਘ ਰੁਪਾਲ
9814715796

ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ ॥
ਜਿਉ ਜਿਉ ਮੰਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ॥


ਅੱਜ ਵੀ ਹਾਲਤ ਉਸੇ ਤਰਾਂ ਦੇ ਬਣ ਰਹੇ ਸਨ, ਸਰਕਾਰੀ ਤਸ਼ੱਦਦ ਸਿੰਘਾਂ ਨੂੰ ਹੋਰ ਚੜ੍ਹਦੀ ਕਲਾ ਦੇ ਰਿਹਾ ਸੀ । ਉਹ ਹੋਰ ਵਧੇਰੇ ਜੋਸ਼ ਨਾਲ ਜ਼ੁਲਮ ਦਾ ਮੁਕਾਬਲਾ ਸਬਰ ਅਤੇ ਸ਼ਾਂਤੀ ਨਾਲ ਕਰਨ ਲਈ ਮਜਬੂਤ ਹੋ ਰਹੇ ਸਨ । ਕਿਸੇ ਕਵੀ ਨੇ ਸਿੰਘਾਂ ਦੀ ਮਨੋਦਸ਼ਾ ਬਾਰੇ ਲਿਖਿਆ ਹੈ – ਸਾਡੇ ਪਾਸ ਸਾਂਤਮਈ ਖੰਡਾ, ਤੇਰੇ ਕੋਲ ਜ਼ੁਲਮ ਦਾ ਡੰਡਾ ।
ਖੰਡੇ ਖੰਡ ਖੰਡ ਕਰ ਦੇਣਾ । ਤੇਰਾ ਪਾਪੀ ਦਾ ਸਿਰ ਫੇਹਣਾ ।

ਇਹ ਖੰਡਾ ਅੰਤ ਤੱਕ ਸ਼ਾਂਤਮਈ ਹੀ ਰਿਹਾ। ਇਸੇ ਲਈ ਇਹ ਬਹੁ ਗਿਣਤੀ ਦੀ ਹਮਦਰਦੀ ਵੀ ਹਾਸਲ ਕਰਨ ਵਿਚ ਕਾਮਯਾਬ ਰਿਹਾ। ਪ੍ਰਸਿੱਧ ਕਵੀ ਮੇਲਾ ਰਾਮ ਵਫਾ ਨੇ ਇਹਨਾਂ ਸਿੰਘਾਂ ਬਾਬਤ ਸੱਚ ਹੀ ਲਿਖਿਆ ਹੈ --

ਤੇਰੀ ਕੁਰਬਾਨੀਓ ਕੀ ਧੂਮ ਹੈ ਆਜ ਇਸ ਜਮਾਨੇ ਮੇਂ,
ਬਹਾਦਰ ਹੈ ਅਗਰ ਕੋਈ ਤੋ ਵੋਹ ਇਕ ਤੂ ਅਕਾਲੀ ਹੈ ।
ਜਾਲਮੋਂ ਕੀ ਲਾਠੀਓਂ ਤੂ ਨੇ ਸਹੀ ਸੀਨਾ–ਏ–ਸਪਰ ਹੋ ਕਰ,
ਲੁਤਫ਼ ਇਸ ਪੇ ਕਿ ਲਬ ਪਹਿ ਸ਼ਿਕਾਇਤ ਹੈ ਨਾ ਗਾਲੀ ਹੈ।

ਮੋਰਚੇ ਦੀ ਲਗਾਤਾਰਤਾ ਨੇ ਬਹੁਤ ਜਨਤਾ ਦਾ ਧਿਆਨ ਖਿੱਚਿਆ। ਖਬਰਾਂ ਅਖਬਾਰਾਂ ਵਿੱਚ ਛਪਦੀਆਂ। ਸਰਕਾਰ ਦੀ ਨਿੰਦਾ ਹੁੰਦੀ। ਸਰਕਾਰ ਹੋਰ ਜ਼ੁਲਮ ਵਧਾਉਂਦੀ ਪਰ ਸਿੰਘ ਟੁੱਟਦੇ ਨਾ। ਇਸ ਸਮੇਂ ਕਾਫੀ ਪ੍ਰਸਿੱਧ ਸ਼ਖਸ਼ੀਅਤਾਂ ਗੁਰੂ ਕੇ ਬਾਗ਼ ਪੁੱਜੀਆਂ । ਇਹਨਾਂ ਵਿੱਚ ਅੰਗਰੇਜ ਪਾਦਰੀ ਸੀ.ਐਫ.ਐਂਡਰਿਊਜ, ਪੰਡਿਤ ਮਦਨ ਮੋਹਨ ਮਾਲਵੀਆ, ਰੁਚੀ ਰਾਮ ਸਾਹਨੀ, ਹਕੀਮ ਅਜਮਲ ਖਾਂ ਅਤੇ ਸ੍ਰੀ ਮਤੀ ਸਰੋਜਨੀ ਨਾਇਡੂ ਵੀ ਸਨ। ਪਾਦਰੀ ਸੀ.ਐਫ.ਐਂਡਰਿਊਜ਼ ਤਾਂ ਜ਼ੁਲਮ ਹੁੰਦੇ ਦੇਖ ਕੇ ਰੋ ਹੀ ਉੱਠਿਆ। ਉਸਨੇ ਤਾਂ ਇੱਕ ਈਸਾ ਨੂੰ ਸੂਲੀ ਚੜ੍ਹਦੇ ਸੁਣਿਆ ਸੀ, ਪਰ ਇੱਥੇ ਕਿੰਨੇ ਹੀ ਈਸਾ ਉਸਦੀਆਂ ਅੱਖਾਂ ਸਾਹਮਣੇ ਜ਼ੁਲਮ ਸਹਿ ਰਹੇ ਸਨ। ਉਹ ਪੰਜਾਬ ਦੇ ਉਸ ਸਮੇਂ ਦੇ ਗਵਰਨਰ ਸਰ ਮੈਕਲੇਗਨ ਨੂੰ ਮਿਲਿਆ ਅਤੇ ਇਸ ਸਭ ਕੁਝ ਨੂੰ ਬੰਦ ਕਰਨ ਲਈ ਕਿਹਾ। ਇਸ ਦੇ ਸਿੱਟੇ ਵਜੋਂ ਸਰ ਮੈਕਲੇਗਨ 13 ਸਤੰਬਰ 1922 ਨੂੰ ਆਪ ਗੁਰੂ ਕੇ ਬਾਗ਼ ਵਿਖੇ ਪੁੱਜਿਆ। ਉਸ ਦੀਆਂ ਦਿੱਤੀਆਂ ਹਦਾਇਤਾਂ ਨਾਲ ਕੁੱਟ ਮਾਰ ਤਾਂ ਬੰਦ ਹੋ ਗਈ ਪਰ ਗ੍ਰਿਫਤਾਰੀਆਂ ਜਾਰੀ ਰਹੀਆਂ। ਹੁਣ ਮੋਰਚੇ ਵਿੱਚ ਸੇਵਾ ਮੁਕਤ ਫੌਜੀ ਵੀ ਸ਼ਾਮਲ ਹੋ ਗਏ ਸਨ। ਸਰਕਾਰ ਦੀ ਨਿੰਦਾ ਪਹਿਲਾਂ ਹੀ ਬਹੁਤ ਹੋ ਰਹੀ ਸੀ। ਉਧਰੋਂ ਉਸ ਨੂੰ ਇਹ ਡਰ ਪੈ ਗਿਆ ਕਿ ਕਿਧਰੇ ਸਿੱਖ ਰੈਜਮੈਂਟ ਫੌਜ ਵਿੱਚ ਹੀ ਬਗਾਵਤ ਨਾ ਕਰ ਦੇਵੇ। ਉਸ ਨੇ ਸਰ ਗੰਗਾ ਰਾਮ ਜੋ ਇਕ ਸੇਵਾ ਮੁਕਤ ਇੰਜੀਨੀਅਰ ਸੀ, ਉਸ ਨੂੰ ਮਨਾਇਆ ਅਤੇ ਉਸਨੇ ਬਾਗ਼ ਦੀ ਜਮੀਨ ਪਟੇ ਤੇ ਲੈ ਲਈ। ਸਿੱਖਾਂ ਨੂੰ ਲੱਕੜਾਂ ਕੱਟਣ ਦੀ ਮਨਜ਼ੂਰੀ ਮਿਲ ਗਈ। ਓਧਰ ਸਰਕਾਰ ਨੇ ਬਾਗ਼ ਤੋਂ ਪੁਲਿਸ ਵਾਪਸ ਬੁਲਾ ਲਈ । ਬੰਦੀ ਸਿੱਖ ਰਿਹਾ ਕਰ ਦਿੱਤੇ । ਇਸ ਤਰਾਂ 7 ਨਵੰਬਰ 1922 ਨੂੰ ਤਿੰਨ ਮਹੀਨੇ ਬਾਅਦ ਇਹ ਮੋਰਚਾ ਸਮਾਪਤ ਹੋਇਆ। ਗੁਰੂ ਕੇ ਬਾਗ਼ ਦੀ ਜਮੀਨ ਉੱਪਰ ਸਿੱਖਾਂ ਦਾ ਕਬਜਾ ਹੋ ਗਿਆ ਅਤੇ ਇਹ ਮੋਰਚਾ ਜਿੱਤ ਦੇ ਰੂਪ ਵਿੱਚ ਸਮਾਪਤ ਹੋਇਆ। ਪਰ ਇਸ ਅਰਸੇ ਦੌਰਾਨ 1500 ਸਿੰਘ ਜਖਮੀ ਹੋਏ ਅਤੇ 5605 ਗ੍ਰਿਫਤਾਰੀਆਂ ਹੋਈਆਂ ਸਨ। ਜਬਰ ਦਾ ਟਾਕਰਾ ਸਬਰ ਨਾਲ ਕਰਕੇ ਅਤੇ ਪੂਰੇ ਸ਼ਾਂਤ ਰਹਿ ਕੇ ਜਿੱਤ ਆਪਣੇ ਹਿੱਸੇ ਵਿੱਚ ਲਿਖਾ ਕੇ ਇੱਕ ਵਾਰੀ ਫੇਰ ਖਾਲਸੇ ਨੇ ਇਤਿਹਾਸ ਸਿਰਜ ਦਿੱਤਾ ਸੀ। ਅਜਿਹਾ ਇਤਿਹਾਸ ਸਦੀਆਂ ਤੀਕ ਸਿੱਖਾਂ ਨੂੰ ਮਾਣ ਦਿਵਾਉਂਦਾ ਰਹੇਗਾ ਅਤੇ ਆਪਣੀਆਂ ਸਿੱਖੀ ਰਵਾਇਤਾਂ ਕਾਇਮ ਰੱਖਣ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।

# ਇਹ ਵੀ ਦਲੇਰੀ ਹੀ ਹੁੰਦੀ ਹੈ



ਆਪਣੇ ਰੁਜ਼ਗਾਰ ਨੂੰ ਹਿੰਮਤ ਅਤੇ ਲਗਨ ਨਾਲ ਕਰਨਾ ਵੀ ਇੱਕ ਦਲੇਰੀ ਹੁੰਦੀ ਹੈ। ਅਸੀਂ ਸਾਰੇ ਸਫਰ ਕਰਦੇ ਹਾਂ,ਕੀ ਕਦੇ ਅਸੀਂ ਸੋਚਦੇ ਹਾਂ ਜਿਸ ਵਾਹਨ ਵਿੱਚ ਅਸੀਂ ਸਫਰ ਕਰ ਰਹੇ ਹਾਂ ਉਹਨੂੰ ਚਲਾਉਣ ਵਾਲੇ ਤੇ ਕੀ ਕੀ ਨਿਰਭਰ ਕਰਦਾ ਹੈ। ਭਾਵੇਂ ਉਹ ਜਹਾਜ਼ ਹੋਵੇ, ਰੇਲ ਗੱਡੀ ਹੋਵੇ, ਜਾਂ ਫਿਰ ਬਸ ਦਾ ਸਫਰ। ਭਾਸ਼ਾ ਵਿਭਾਗ ਪਟਿਆਲਾ ਦੇ ਸੱਦੇ 'ਤੇ ਪਿੱਛੇ ਜਹੇ ਭਰ ਬਰਸਾਤ ਦੇ ਮੌਸਮ ਵਿੱਚ ਬੱਸ ਰਾਹੀਂ ਪਟਿਆਲਾ ਪੰਜਾਬ ਤੋਂ ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਜਾਣ ਦਾ ਮੌਕਾ ਬਣਿਆ। ਚਲੋ ਜਦੋਂ ਪੰਜਾਬ ਵਿੱਚ ਚੱਲ ਰਹੇ ਸੀ ਤਾਂ ਕੁਝ ਥਾਵਾਂ ਨੂੰ ਛੱਡ ਕੇ ਸੜਕਾਂ ਦੀ ਹਾਲਤ ਠੀਕ ਸੀ। ਪਰ ਜਿਉਂ ਹੀ ਵਾਦੀ ਵਿੱਚ ਪਹੁੰਚੇ ਬਰਸਾਤ ਤੇਜ ਹੋ ਗਈ ਅਤੇ ਕਈ ਥਾਈ ਢਿੱਗਾਂ ਡਿੱਗ ਰਹੀਆਂ ਸਨ। ਮੇਰੇ ਖਿਆਲ ਵਿੱਚ ਸਾਰੇ ਦੇਸ਼ ਵਿੱਚ ਹੀ ਸੜਕਾਂ ਚੌੜੀਆਂ ਕਰਨ ਦਾ ਕੰਮ ਚੱਲ ਰਿਹਾ ਹੈ ਇਸ ਕਰਕੇ ਪਹਾੜਾਂ ਦੀ ਟੁੱਟ ਭੱਜ ਵੀ ਹੋ ਰਹੀ ਹੈ। ਤੇ ਸਾਨੂੰ ਪਤਾ ਹੈ ਕਿ ਪਹਾੜ ਦੀ ਟੁੱਟ ਭੱਜ ਖਾਸ ਕਰਕੇ ਬਰਸਾਤ ਦੇ ਮੌਸਮ ਵਿੱਚ ਬਹੁਤ ਖਤਰਨਾਕ ਹੁੰਦੀ ਹੈ। ਰਾਮਬਨ ਦੇ ਆਸ ਪਾਸ ਢਿੱਗਾਂ ਡਿੱਗਣ ਕਰਕੇ ਰਾਹ ਬੰਦ ਸੀ ਅਤੇ ਸਾਡੀ ਬਸ ਬਹੁਤ ਵੱਡੀ ਹੋਣ ਕਰਕੇ ਪਿੱਛੇ ਮੁੜਨੀ ਬਹੁਤ ਔਖੀ ਸੀ। ਪਰ ਧੰਨ ਜਿਗਰਾ, ਹਿੰਮਤ ਤੇ ਸਿਆਣਪ ਸਾਡੇ ਨੌਜਵਾਨ 25 ਸਾਲਾਂ ਦੇ ਭਵਾਨੀਗੜ੍ਹ ਦੇ ਕੋਲ ਦੇ ਰਹਿਣ ਵਾਲੇ ਇੱਕ ਪਿੰਡ ਮਾਝੀ ਦੇ, ਇਸ ਬਸ ਦੇ ਡਰਾਈਵਰ ਮੁੰਡੇ ਦੀ, ਜਿੰਨੇ ਇੰਨੇ ਉੱਚੇ ਪਹਾੜ, ਇੱਕ ਪਾਸੇ ਪਹਾੜ ਦੂਜੇ ਪਾਸੇ ਖਾਈ ਦੀ ਜਗ੍ਹਾ ਤੋਂ ਬਸ ਮੋੜੀ। ਡਰਾਈਵਰ ਦੇ ਨਾਲ ਦੇ ਸਾਥੀ ਵੀ ਸਿੱਖ ਨੌਜਵਾਨ ਮੁੰਡੇ ਸਨ ਪੰਜਾਬ ਤੋਂ,ਜੋ ਗੱਡੀ ਕਿਥੇ ਰੋਕਣੀ, ਕਿਵੇਂ ਮੋੜਨੀ, ਸਵਾਰੀਆਂ ਦੀਆ ਮੰਗਾਂ ਪੂਰਨੀਆਂ,ਸਮਾਨ ਲਾਹੁਣਾ- ਚੜਾਉਣਾ ਆਦਿ ਬਹੁਤ ਕੰਮ ਕਰਦੇ।ਮੈਨੂੰ ਪੰਜਾਬੀ ਨੌਜਵਾਨੀ ਦਾ ਇੰਜ ਮਿਹਨਤ ਕਰਨਾ ਚੰਗਾ ਲੱਗਾ, ਬਸ਼ਰਤੇ ਉਹਨਾਂ ਨੂੰ ਪੰਜਾਬੀ ਗਾਣੇ ਸੁਣਨ ਨੂੰ ਮਿਲਦੇ ਰਹਿਣ।ਉਸ ਤੋਂ ਬਾਅਦ ਵੀ ਕਈ ਥਾਈਂ ਮੋੜਾਂ ਦੇ ਉੱਤੇ ਸੜਕ ਬਹੁਤ ਸੌੜੀ ਹੋ ਜਾਂਦੀ ਸੀ, ਅਤੇ ਵਿੱਚ ਵਿੱਚ ਤੇਜ਼ ਬਰਸਾਤ ਹੋ ਰਹੀ ਸੀ।ਉੱਚੇ ਪਹਾੜਾਂ ਵਿੱਚ ਕਦੇ ਕਦੇ ਰਾਹ ਵਿੱਚ ਬੱਦਲਾਂ ਦਾ ਝੁੰਡ ਤੁਹਾਨੂੰ ਘੇਰ ਲੈਂਦਾ ਸੀ, ਸਵਾਰੀਆਂ ਨੂੰ ਇਹ ਸਭ ਗੱਲਾਂ ਆਨੰਦਮਈ ਲੱਗਦੀਆਂ ਹਨ। ਫੇਰ ਇਹ ਡਰਾਈਵਰ ਹੀ ਸੀ ਜੋ ਬੱਸ ਨੂੰ ਸੋਝੀ ਨਾਲ ਹੌਲੀ ਹੌਲੀ ਕੱਢ ਲੈਂਦਾ ਸੀ।ਇੱਕ ਜਗ੍ਹਾ ਅਸੀਂ ਪੈਟਰੋਲ ਪੰਪ ਤੇ ਉਤਰੇ ਤਾਂ ਉੱਪਰੋਂ ਪਹਾੜ ਤੋਂ ਪੱਥਰ ਡਿੱਗ ਰਹੇ ਸਨ, ਸਵਾਰੀਆਂ ਡਰਦੇ ਮਾਰੇ ਫਟਾਫਟ ਬੱਸ ਵਿੱਚ ਚੜ੍ਹ ਗਈਆਂ। 6 ਵਜੇ ਦੇ ਆਸ ਪਾਸ ਬਨਿਹਾਲ ਤੋਂ ਚੱਲ ਕੇ ਰਾਤੀਂ 12 ਵਜੇ ਸ੍ਰੀਨਗਰ ਪਹੁੰਚੇ, ਤੇ ਇਹ ਪੂਰਾ ਪਹਾੜੀ ਰਾਹ, ਬਰਸਾਤ ਦਾ ਮੌਸਮ ਸ਼ਾਬਾਸ਼ ਜਵਾਨਾ ਜਿੰਨੇ ਸਾਨੂੰ ਟਿਕਾਣੇ ਪਹੁੰਚਾਇਆ। ਗੱਡੀ ਦੇ ਡਰਾਈਵਰ ਪਟਿਆਲਾ ਤੋਂ ਸ੍ਰੀਨਗਰ ਮਨਪ੍ਰੀਤ ਸਿੰਘ ਬੁੱਟਰ ਨੇ ਬਾਈ ਘੰਟੇ ਤੋਂ ਵੀ ਜਿਆਦਾ ਲਗਾਤਾਰ ਬਸ ਚਲਾਈ। ਚਾਹ ਪਾਣੀ ਰੋਟੀ ਲਈ ਤਾਂ ਸਭ ਰਾਹ ਵਿੱਚ ਰੁਕਦੇ ਹੀ ਹਨ। ਉੱਚੇ ਪਹਾੜਾਂ ਦੀ ਚੜ੍ਹਾਈ ਕਰਕੇ ਬੱਸ ਦਾ ਇੰਜਨ ਗਰਮ ਹੋ ਜਾਂਦਾ ਹੈ, ਇਹ ਡਰਾਈਵਰ ਦੀ ਸਿਆਣਪ ਹੁੰਦੀ ਹੈ ਕਿ ਉਸਨੇ ਸਵਾਰੀਆਂ ਦੀ ਗੱਲ ਸੁਣਨੀ ਹੈ ਕਿ ਬਸ ਦੀ, ਇੱਥੇ ਥੋੜੀ ਢੀਠਤਾ ਦੀ ਲੋੜ ਵੀ ਪੈਂਦੀ ਹੈ।ਸਵਾਰੀਆਂ ਸਿਰਫ ਆਪਣੇ ਸਮੇਂ ਦੀ ਬੱਚਤ ਅਤੇ ਆਪਣਾ ਆਰਾਮ ਦੇਖਦੀਆਂ ਹਨ। ਸਿਆਣੇ ਡਰਾਈਵਰ ਨੂੰ ਆਪਣੇ ਵਾਹਨ ਦਾ ਧੀਆਂ ਪੁੱਤਾਂ ਵਾਂਗੂ ਖਿਆਲ ਹੁੰਦਾ ਹੈ, ਅਤੇ ਸਵਾਰੀਆਂ ਨੂੰ ਠੀਕ ਠਾਕ ਸਮੇਂ ਤੇ ਟਿਕਾਣੇ ਤੇ ਪਹੁੰਚਾਣ ਦੀ ਜਿੰਮੇਵਾਰੀ, ਮੇਰੇ ਹਿਸਾਬ ਦੇ ਨਾਲ ਇਹਨਾਂ ਨੂੰ ਹੱਲਾ ਸ਼ੇਰੀ ਤੇ ਚੰਗਾ ਮਿਹਨਤ ਤਾਨਾ ਮਿਲਣਾ ਚਾਹੀਦਾ। ਇਸ ਬੱਚੇ ਦੀ ਮਿਹਨਤ ਨੂੰ ਸਲਾਮ। ਤਾਂ ਹੀ ਤਾਂ ਕਹਿੰਦੇ ਹਨ ਕਿ ਦੁਨੀਆਂ ਦੇ ਔਖੇ ਕੰਮ, ਇਕ ਫੌਜ ਦੀ ਨੌਕਰੀ ਤੇ ਦੂਜਾ ਪੁਰਾਣੇ ਵੇਲਿਆਂ ਦੀ ਕਿਰਸਾਨੀ ਤੇ ਤੀਜੀ ਡਰਾਇਵਰੀ ਕਰਨਾ ਪੰਜਾਬੀਆਂ ਨੂੰ ਹੀ ਪਸੰਦ ਏ।

ਪ੍ਰਿੰਸੀਪਲ ਰਿਪਨਜੋਤ ਕੌਰ ਸੋਨੀ ਬੱਗਾ, 98787-53423, ਪਟਿਆਲਾ

# ਏ.ਆਈ. ਦੀ ਗੱਲ ਬਾਖ਼ੂਬੀ ਕਰਦੀ ਏ,

# ਕਹਾਣੀਆਂ ਦੀ ਕਿਤਾਬ 'ਈਕੋਜ਼ ਆਫ਼ ਏ ਡਿਜੀਟਲ ਡਾਅਨ'

'ਬਨਾਉਟੀ ਬੁੱਧੀ' (ਆਰਟੀਫਿਸ਼ੀਅਲ ਇੰਟੈਲੀਜੈਂਸ) ਜਿਸ ਨੂੰ ਸੰਖੇਪ ਵਿੱਚ 'ਏ.ਆਈ.' ਕਿਹਾ ਜਾਂਦਾ ਹੈ, ਅੱਜਕੱਲ੍ਹ ਖ਼ੂਬ ਚਰਚਾ ਵਿੱਚ ਹੈ ਅਤੇ ਭਵਿੱਖ ਵਿੱਚ ਇਹ ਚਰਚਾ ਹੋਰ ਵੀ ਵਧੇਰੇ ਹੋਵੇਗੀ।ਵੱਡੀਆਂ–ਵੱਡੀਆਂ ਫ਼ੈਕਟਰੀਆਂ ਤੇ ਵੇਅਰ–ਹਾਊਸਾਂ ਦੀ ਗੱਲ ਛੱਡੋ ਜਿੱਥੇ 'ਰੋਬੋਟ' ਵਾਰ–ਵਾਰ ਦੁਹਰਾਏ ਜਾਣ ਵਾਲੇ ਭਾਰੇ–ਭਰਕਮ ਕਾਰਜ ਬੜੀ ਆਸਾਨੀ ਨਾਲ ਤੇ ਬੜੇ ਵਧੀਆ ਤਰੀਕੇ ਨਾਲ ਕਰ ਰਹੇ ਹਨ। ਪਰ ਇਸ ਦੇ ਨਾਲ ਹੀ ਇਸ ਨੇ ਹੁਣ ਮਨੁੱਖ ਦੀ ਰੋਜ਼ਾਨਾ ਜੀਵਨ–ਸ਼ੈਲੀ ਦੇ ਵੀ ਬਹੁਤ ਸਾਰੇ ਕਾਰਜ ਸੰਭਾਲ ਲਏ ਹਨ। ਹੋਰ ਤਾਂ ਹੋਰ ਇਨ੍ਹਾਂ ਵਿੱਚ ਮਨੁੱਖ ਵਾਂਗ ਸੋਚਣ ਦੀ ਸ਼ਕਤੀ ਵੀ ਕੁਝ ਹੱਦ ਤੀਕ ਆ ਗਈ ਹੈ ਅਤੇ ਆਪਣੀ ਇਸ 'ਬਨਾਉਟੀ–ਬੁੱਧੀ' ਨਾਲ ਇਹ ਮਨੁੱਖ ਦੀ ਆਵਾਜ਼ ਸੁਣ ਕੇ ਉਸਦੇ ਵੱਲੋਂ ਦਿੱਤੇ ਗਏ ਹੁਕਮਾਂ ਦੀ ਪਾਲਣਾ ਵੀ ਕਰਨ ਲੱਗ ਪਏ ਹਨ। ਰੋਬੋਟ ਹੁਣ 'ਏ.ਆਈ. ਅਸਿਸਟੈਂਟ' ਦੇ ਰੂਪ ਵਿੱਚ ਮਨੁੱਖ ਦਾ 'ਨਿੱਜੀ ਸਹਾਇਕ' ਬਣ ਗਿਆ ਹੈ ਅਤੇ ਇਹ ਉਸਦੇ ਨਿੱਤ ਵਰਤੋਂ ਦੇ ਕੰਮ ਬੜੇ ਵਧੀਆ ਢੰਗ ਨਾਲ ਕਰ ਰਿਹਾ ਹੈ। ਜਿੱਥੇ ਇਸ ਨੇ ਉਸਦੀ ਰਸੋਈ ਵਿੱਚ ਸੁਆਦਲੇ ਖਾਣੇ ਬਨਾਉਣ ਦਾ ਕਾਰਜ ਸੰਭਾਲ ਲਿਆ ਹੈ, ਉੱਥੇ ਇਹ ਉਸਦੀ ਕਾਰ ਦਾ 'ਡਰਾਈਵਰ' ਵੀ ਬਣ ਗਿਆ ਹੈ। ਇਹ ਉਸ ਦੇ ਲਈ ਕਵਿਤਾਵਾਂ, ਗੀਤ, ਕਹਾਣੀਆਂ ਤੇ ਆਰਟੀਕਲ ਵੀ ਤਿਆਰ ਕਰ ਰਿਹਾ ਹੈ। ਇੱਥੇ ਹੀ ਬੱਸ ਨਹੀਂ, ਫ਼ੌਜੀ ਹੁਕਮਾਂ ਦੀ ਪਾਲਣਾ ਕਰਦਾ ਹੋਇਆ ਹੁਣ ਇਹ 'ਡਰੋਨ' ਦੇ ਰੂਪ ਵਿੱਚ ਦੁਸ਼ਮਣ ਦੇ ਇਲਾਕੇ ਵਿੱਚ ਜਾ ਕੇ ਬੰਬ ਸੁੱਟ ਰਿਹਾ ਹੈ ਅਤੇ ਨੇੜ–ਭਵਿੱਖ ਵਿੱਚ ਹੋਣ ਵਾਲੇ ਸੰਭਾਵਿਤ 'ਤੀਸਰੇ ਵਿਸ਼ਵ ਯੁੱਧ' ਦੂਰ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਰਾਹੀਂ ਹਜ਼ਾਰਾਂ ਮੀਲ ਦੂਰ ਜਾ ਕੇ ਦੁਸ਼ਮਣ ਦੇਸ਼ਾਂ ਵਿੱਚ ਬੰਬ ਸੁੱਟਣ ਦਾ ਅਭਿਆਸ ਵੀ ਕਰ ਰਿਹਾ ਹੈ। ਏਨਾ ਹੀ ਕਾਫ਼ੀ ਨਹੀਂ, ਇਸ ਦੀ 'ਬਨਾਉਟੀ–ਬੁੱਧੀ' ਮਨੁੱਖੀ ਅਕਲ ਤੋਂ ਅੱਗੇ ਲੰਘਣ ਦੀ ਵੀ ਕੋਸ਼ਿਸ਼ ਕਰ ਰਹੀ ਹੈ।

ਏ.ਆਈ. ਦੇ ਅਜਿਹੇ ਵਰਤਾਰਿਆਂ ਨੂੰ ਦਰਸਾਉਂਦੀ ਡਾ. ਡੀ.ਪੀ. ਸਿੰਘ ਜੋ ਮੁੱਢਲੇ ਤੌਰ 'ਤੇ ਭੌਤਿਕ ਵਿਗਿਆਨੀ ਹਨ ਅਤੇ ਇਸ ਦੇ ਨਾਲ ਹੀ ਉਹ ਵਿਗਿਆਨ ਨਾਲ ਸਬੰਧਿਤ ਕਹਾਣੀਆਂ ਅੰਗਰੇਜ਼ੀ ਤੇ ਪੰਜਾਬੀ ਵਿੱਚ ਅਕਸਰ ਲਿਖਦੇ ਰਹਿੰਦੇ ਹਨ। ਉਨ੍ਹਾਂ ਦੀਆਂ ਇਹ ਕਹਾਣੀਆਂ 'ਸਾਇੰਸ ਰਿਪੋਰਟਰ', 'ਸਾਇੰਸ ਇੰਡਿਆ','ਅਲਾਈਵ', 'ਵੋਮੈੱਨ ਐਰਾ', ਆਦਿ ਅੰਗਰੇਜ਼ੀ ਦੇ ਮੈਗ਼ਜ਼ੀਨਾਂ ਵਿੱਚ ਅਤੇ 'ਪੰਜਾਬੀ ਟ੍ਰਿਬਿਊਨ' ਤੇ 'ਪਰਵਾਸੀ' ਆਦਿ ਪੰਜਾਬੀ ਅਖ਼ਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ। ਏ.ਆਈ. ਨਾਲ ਲੈਸ ਉਨ੍ਹਾਂ ਦੀ ਕਹਾਣੀਆਂ ਦੀ ਨਵੀਂ ਛਪੀ ਕਿਤਾਬ 'ਈਕੋਜ਼ ਆਫ਼ ਏ ਡਿਜੀਟਲ ਡਾਅਨ : ਏ.ਆਈ'ਜ਼ ਟਰਾਇੰਫਸ ਐਂਡ ਟਰਾਇਲਜ਼' ਪਿਛਲੇ ਦਿਨੀਂ ਪੜ੍ਹਨ ਦਾ ਮੌਕਾ ਮਿਲਿਆ। ਅਜੋਕੇ ਵਰਤਾਰਿਆਂ ਤੇ ਆਉਂਦੇ 35–40 ਸਾਲਾਂ ਵਿੱਚ ਏ.ਆਈ. ਨਾਲ ਹੋਣ ਵਾਲੇ ਹੈਰਾਨੀਜਨਕ 'ਕਰਤਬਾਂ' ਨਾਲ ਜੁੜੀਆਂ ਇਸ ਪੁਸਤਕ ਦੀਆਂ 18 ਕਹਾਣੀਆਂ ਏ.ਆਈ. ਦੀ ਵਰਤੋਂ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ। ਭਵਿੱਖ ਬਾਰੇ ਇਹ ਕਲਪਿਤ ਕਹਾਣੀਆਂ ਮੈਨੂੰ ਏਨੀਆਂ ਦਿਲਚਸਪ ਅਤੇ ਏ.ਆਈ. ਬਾਰੇ ਗਿਆਨ–ਵਧਾਊ ਲੱਗੀਆਂ ਕਿ ਇਨ੍ਹਾਂ ਨੂੰ ਪੜ੍ਹ ਕੇ ਇਨ੍ਹਾਂ ਬਾਰੇ ਪੰਜਾਬੀ ਵਿੱਚ ਕੁਝ ਲਿਖਣ ਨੂੰ ਮਨ ਕਰ ਆਇਆ ਤਾਂ ਜੋ ਪੰਜਾਬੀ ਦੇ ਪਾਠਕ ਵੀ ਇਨ੍ਹਾਂ ਦੇ ਬਾਰੇ ਕੁਝ ਜਾਣ ਸਕਣ।


ਪਹਿਲੀ ਕਹਾਣੀ 'ਸੋਲੀਚਿਊਡ ਹੈਵਨ' ਵਿੱਚ ਇਸਦੀ ਨਾਇਕਾ ਰਸ਼ਮੀ ਦਾ 'ਸੋਫ਼ੀਆ' ਨਾਂ ਦਾ ਹੋਮ ਏ.ਆਈ. ਸਿਸਟਮ 'ਸੁਹਿਰਦ ਸਹੇਲੀ' ਵਾਂਗ ਉਸ ਦੇ ਨਿੱਜੀ–ਸਹਾਇਕ ਵਜੋਂ ਬਾਖ਼ੂਬੀ ਕੰਮ ਕਰਦਾ ਹੈ। ਉਸਦੀ ਇਹ 'ਪੱਕੀ ਸਹੇਲੀ' ਉਸ ਦੇ ਲਈ ਸਵੇਰ ਦੀ ਸੈਰ ਦਾ ਸਮਾਂ ਨਿਰਧਾਰਤ ਕਰਦੀ ਹੈ, ਉਸ ਨੂੰ ਕਈ ਉਸਾਰੂ ਸੁਝਾਅ ਦਿੰਦੀ ਹੈ ਅਤੇ ਇੱਥੋਂ ਤੀਕ ਕੇ ਅਚਾਨਕ ਆ ਗਏ ਤੇਜ਼ ਤੂਫ਼ਾਨ ਕਾਰਨ ਡਰੋਨ ਦੀ ਮਦਦ ਨਾਲ ਘਰ ਵਿੱਚ ਹੋਈ ਤਬਾਹੀ ਨੂੰ ਠੀਕ ਕਰਦੀ ਹੈ ਅਤੇ ਸਿਸਟਮ ਵਿੱਚ ਪੈ ਗਈ ਖ਼ਰਾਬੀ ਨੂੰ ਵੀ ਆਪ ਹੀ ਦੂਰ ਕਰਦੀ ਹੈ। ਇਸ ਦੇ ਨਾਲ ਹੀ ਉਹ ਤੂਫ਼ਾਨ–ਪੀੜਤਾਂ ਲਈ ਦਵਾਈਆਂ ਦਾ ਪ੍ਰਬੰਧ ਵੀ ਕਰਦੀ ਹੈ। ਦੋਵੇਂ ਸਹੇਲੀਆਂ ਇੱਕ ਦੂਸਰੇ ਦੀ ਸਹਾਇਤਾ ਨਾਲ ਆਪਣੇ ਇਸ ਅਤਿ–ਆਧੁਨਿਕ ਸਮਾਰਟ ਸਿਸਟਮ 'ਹੈਵਨ' ਨੂੰ ਹੋਰ ਮਜ਼ਬੂਤ ਕਰਦੀਆਂ ਹਨ ਅਤੇ ਹਮਲਾਵਰ ਏ.ਆਈ. ਸਿਸਟਮਾਂ ਤੋਂ ਉਸ ਨੂੰ ਸੁਰੱਖ਼ਿਅਤ ਕਰ ਲੈਂਦੀਆਂ ਹਨ।

ਅਗਲੀ ਕਹਾਣੀ 'ਹਾਰਟਸ ਐਂਡ ਸਰਕਟਸ' ਵਿਚ ਪਤੀ–ਪਤਨੀ ਜਗਜੀਤ ਅਤੇ ਜਸਲੀਨ ਦੋਵੇਂ ਮਿਲ ਕੇ 'ਪੰਜਾਬ ਪੈਲੇਸ' ਨਾਂ ਦਾ ਆਪਣਾ ਰੈਸਟੋਰੈਂਟ ਆਰਾਮ ਬੜੇ ਨਾਲ ਚਲਾ ਰਹੇ ਹਨ ਜਿੱਥੇ ਜਸਲੀਨ ਆਪਣੇ ਹੱਥਾਂ ਨਾਲ ਸੁਆਦਲੇ ਖਾਣੇ ਤਿਆਰ ਕਦੀ ਹੈ ਅਤੇ ਉਨ੍ਹਾਂ ਦੇ ਗਾਹਕ ਇਨ੍ਹਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਕੁਝ ਸਮੇਂ ਬਾਅਦ ਜਗਜੀਤ ਆਪਣੀ ਪਤਨੀ ਦੀ ਸਹਾਇਤਾ ਲਈ ਘਰੇਲੂ ਰਸੋਈ ਵਿਚ 'ਸ਼ੈੱਫ਼–ਵੀ' ਨਾਂ ਦਾ ਰੋਬੋਟ ਲੈ ਆਉਂਦਾ ਹੈ ਜਿਸ ਵਿੱਚ 10,000 ਤੋਂ ਵਧੇਰੇ ਰੈਸਪੀਆਂ ਦੇ ਪ੍ਰੋਗਰਾਮ ਫ਼ੀਡ ਕੀਤੇ ਹੁੰਦੇ ਹਨ ਜਿਨ੍ਹਾਂ ਵਿੱਚ 500 ਰਵਾਇਤੀ ਪੰਜਾਬੀ ਡਿਸ਼ਾਂ ਵੀ ਸ਼ਾਮਲ ਹਨ। ਉਹ ਰਿਬੋਟ ਰਸੋਈ ਵਿੱਚ ਖਾਣਾ ਬਨਾਉਣ ਦਾ ਹਰੇਕ ਕੰਮ ਬਾਖ਼ੂਬੀ ਕਰ ਰਿਹਾ ਹੈ। ਕੁਝ ਸਮੇਂ ਬਾਅਦ ਉਹ ਇੱਕ ਹੋਰ ਰੋਬੋਟ 'ਹੋਮ–ਵੀ' ਖ਼ਰੀਦਦੇ ਹਨ ਜੋ ਘਰ ਦੀ ਸਫ਼ਾਈ ਕਰਦਾ ਹੈ, ਲਾਂਡਰੀ ਕਰਦਾ ਹੈ, ਬੀਮਾਰ ਪੈ ਜਾਣ 'ਤੇ ਉਨ੍ਹਾਂ ਨੂੰ ਦਵਾਈਆਂ ਦਿੰਦਾ ਹੈ ਅਤੇ ਉਨ੍ਹਾਂ ਦਾ ਮਹੀਨੇ–ਭਰ ਦੀ ਸਮਾਂ–ਸੂਚੀ ਵੀ ਤਿਆਰ ਕਰਦਾ ਹੈ। ਉਹ ਦੋਵੇਂ ਸਮਝਦੇ ਹਨ ਕਿ 'ਸ਼ੈੱਫ਼–ਵੀ' ਤੇ 'ਹੋਮ–ਵੀ' ਦੋਹਾਂ ਨੇ ਮਿਲ ਕੇ ਉਨ੍ਹਾਂ ਦਾ ਜੀਵਨ ਕਾਫ਼ੀ ਸੁਖੀ ਤੇ ਆਰਾਮਦਾਇਕ ਬਣਾ ਦਿੱਤਾ ਹੈ। ਪਰ ਇਸਦੇ ਨਾਲ ਉਹ ਦੋਹਾਂ ਜੀਆਂ ਦੇ ਆਪਸੀ ਪ੍ਰੇਮ–ਪਿਆਰ ਵਾਲੇ ਸਬੰਧਾਂ ਵਿੱਚ 'ਖ਼ਲਲ' ਵੀ ਪਾਉਂਦੇ ਹਨ, ਕਿਉਂਕਿ ਘਰ ਵਿੱਚ ਮਸ਼ੀਨਾਂ ਦੇ ਆਉਣ ਨਾਲ ਭਾਵਨਾਤਮਿਕ ਤੌਰ 'ਤੇ ਉਹ ਦੋਵੇਂ ਇੱਕ ਦੂਸਰੇ ਤੋਂ ਦੂਰ ਹੋ ਜਾਂਦੇ ਹਨ, ਜਦਕਿ ਪਹਿਲਾਂ ਉਹ ਦੋਵੇਂ ਮਿਲ–ਜੁਲ ਕੇ ਸਾਰਾ ਕੰਮ ਆਪਣੇ ਹੱਥੀਂ ਖ਼ੁਸ਼ੀ–ਖ਼ੁਸ਼ੀ ਕਰਦੇ ਸਨ।

ਇਸ ਦੇ ਨਾਲ ਹੀ ਕੁਝ ਸਮੇਂ ਪਿੱਛੋਂ ਉਹ ਸ਼ਹਿਰ ਵਿੱਚ ਕਿਸੇ ਦੂਸਰੀ ਜਗ੍ਹਾ ਆਪਣਾ ਦੂਸਰਾ ਰੈਸਟੋਰੈਂਟ ਖੋਲ੍ਹ ਲੈਂਦੇ ਹਨ ਅਤੇ ਇੱਥੇ ਖਾਣੇ ਤਿਆਰ ਕਰਨ ਲਈ ਉਹ ਘਰੋਂ 'ਸ਼ੈੱਫ਼–ਵੀ' ਨੂੰ ਲੈ ਆਉਂਦੇ ਹਨ ਜਿਸ ਵਿੱਚ ਜਸਲੀਨ ਨੇ ਹਜ਼ਾਰਾਂ ਹੀ ਖਾਣਿਆਂ ਦੀਆਂ ਰੈੱਸਪੀਆਂ ਦਾ ਪ੍ਰੋਗਰਾਮ ਫ਼ੀਡ ਕੀਤਾ ਹੋਇਆ ਹੈ। ਪਰ ਇਹ 'ਸ਼ੈੱਫ਼–ਵੀ' ਇਸ ਰੈਸਟੋਰੈਂਟ ਵਿੱਚ ਗਾਹਕਾਂ ਦੇ ਵੱਖੋ–ਵੱਖਰੇ ਸੁਆਦ ਮੁਤਾਬਿਕ ਉਨ੍ਹਾਂ ਦੀ ਤਸੱਲੀ ਵਾਲੇ ਖਾਣੇ ਤਿਆਰ ਨਹੀਂ ਕਰ ਸਕਿਆ, ਕਿਉਂਕਿ ਘਰ ਵਿੱਚ ਜਸਲੀਨ ਉਸ ਨੂੰ ਆਪਣੀ ਲੋੜ ਅਨੁਸਾਰ ਐਡਜਸਟ ਕਰ ਲਿਆ ਕਰਦੀ ਸੀ। ਅਖ਼ੀਰ ਉਹ ਦੋਵੇਂ ਪਤੀ–ਪਤਨੀ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਮਸ਼ੀਨਾਂ ਨੇ ਭਾਵੇਂ ਹਰੇਕ ਖ਼ੇਤਰ ਵਿੱਚ ਕਾਫ਼ੀ ਤਰੱਕੀ ਕਰ ਲਈ ਹੈ ਅਤੇ ਇਹ ਮਨੁੱਖ ਦੀ ਸਹਾਇਤਾ ਤਾਂ ਕਰ ਸਕਦੀਆਂ ਪਰ ਇਨ੍ਹਾਂ ਕੋਲ ਮਨੁੱਖੀ ਸੂਝ–ਬੂਝ ਦੀ ਘਾਟ ਹੈ। ਉਹ ਸਮਝਦੇ ਹਨ ਕਿ ਮਸ਼ੀਨੀ ਰੋਬੋਟਾਂ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਤਾਂ ਕਰ ਦਿੱਤਾ ਹੈ ਪਰ ਇਹ ਮਨੁੱਖੀ ਅਕਲ ਦੀ ਥਾਂ ਨਹੀਂ ਲੈ ਸਕਦੇ।

ਇਸ ਤੋਂ ਅਗਲੀ ਕਹਾਣੀ 'ਹਾਰਮਨੀ ਇਨ ਦ ਏਜ ਆਫ਼ ਏ.ਆਈ.' ਵਿੱਚ ਸਾਰ੍ਹਾ ਸੰਧੂ ਦਾ ਸਹਾਇਕ ਏ.ਆਈ. ਸਿਸਟਮ 'ਸਿੰਥੀਆ' ਉਸ ਦੀਆਂ ਵੱਖ–ਵੱਖ ਟੈਕਨੀਕਲ ਅਦਾਰਿਆਂ ਦੇ ਉੱਚ–ਅਧਿਕਾਰੀਆਂ ਨਾਲ ਮੀਟਿੰਗਾਂ ਦਾ ਸਮਾਂ ਨਿਸਚਤ ਕਰਦਾ ਹੈ। ਓਧਰ ਪ੍ਰਭਾਤ ਸੇਠ ਦਾ ਏ.ਆਈ. ਨਿੱਜੀ–ਸਹਾਇਕ 'ਮੈਡੀਕੇਅਰ' ਉਸ ਦੀ ਸਿਹਤ ਦਾ ਪੂਰਾ ਖ਼ਿਆਲ ਰੱਖਦਿਆਂ ਹੋਇਆਂ ਉਸ ਦੇ ਵਧੇ ਬਲੱਡ–ਪ੍ਰੈੱਸ਼ਰ ਬਾਰੇ ਉਸ ਨੂੰ ਜਾਣਕਾਰੀ ਦਿੰਦਾ ਹੈ ਅਤੇ ਡਾ. ਮਾਰਿਸ ਨਾਲ ਵਰਚੂਅਲ–ਮੀਟਿੰਗਾਂ ਕਰਕੇ ਉਸ ਕੋਲੋਂ ਦਵਾਈ ਸਬੰਧੀ ਲੋੜੀਂਦੀਆਂ ਹਦਾਇਤਾਂ ਵੀ ਪ੍ਰਾਪਤ ਕਰਦਾ ਹੈ। ਕਹਾਣੀ ਵਿੱਚ ਕਈ ਮੋੜ ਆਉਂਦੇ ਹਨ ਅਤੇ ਇਸ ਵਿੱਚ ਕਲਾਊਡ–ਮੀਟਿੰਗਾਂ ਰਾਹੀਂ ਚਾਰ ਦੋਸਤਾਂ ਵਿਚਕਾਰ ਉਚੇਰੀ ਏ.ਆਈ. ਤਕਨਾਲੋਜੀ ਦੀ ਇੰਡਸਟਰੀ, ਬਿਜ਼ਨੈੱਸ, ਸੁਰੱਖਿਆ ਤੇ ਜ਼ਰੂਰੀ ਕੰਮਾਂ ਵਿੱਚ ਵਰਤੋਂ ਬਾਰੇ ਵਿਚਾਰ–ਵਟਾਂਦਰਾ ਹੁੰਦਾ ਹੈ।

ਕਹਾਣੀਆਂ ਦਾ ਇਹ ਸਿਲਸਿਲਾ ਇੰਜ ਅੱਗੇ ਤੁਰਦਾ ਜਾਂਦਾ ਹੈ। 'ਹਿਊਮਨ ਹਾਰਟ, ਡਿਜੀਟਲ ਮਾਈਂਡ' ਵਿੱਚ ਪੱਤਰਕਾਰੀ ਦੇ ਖ਼ੇਤਰ ਵਿੱਚ ਏ.ਆਈ. ਦੀ ਸਫ਼ਲਤਾ ਪੂਰਵਕ ਵਰਤੋਂ ਦੀ ਗੱਲ ਕੀਤੀ ਗਈ ਹੈ। ਪੱਤਰਕਾਰ ਤਵਲੀਨ ਕੌਰ ਤੇ ਦੀਪਕ ਸ਼ਰਮਾ ਲੁਧਿਆਣੇ ਤੋਂ ਛਪਦੀ ਅਖ਼ਬਾਰ 'ਪੰਜਆਬ ਟਾਈਮਜ਼' ਲਈ ਆਰਟੀਕਲ ਅਤੇ ਰਿਪੋਰਟਾਂ ਏ.ਆਈ. 'ਇੰਕਬੋਟ' ਦੀ ਮਦਦ ਨਾਲ ਤਿਆਰ ਕਰਦੇ ਹਨ ਅਤੇ ਅਖ਼ਬਾਰ ਦਾ ਸੰਪਾਦਕ ਮਿਸਟਰ ਜਗਜੀਤ ਸਿੰਘ ਉਨ੍ਹਾਂ ਦੀ ਇਸ ਕਾਰਗ਼ੁਜ਼ਾਰੀ ਤੋਂ ਕਾਫ਼ੀ ਖ਼ੁਸ਼ ਹੈ। ਏਸੇ ਤਰ੍ਹਾਂ ਕਹਾਣੀ 'ਰੇਨਬੋ ਪਰੋਟੋਕੋਲ' ਵਿੱਚ ਇਮੋਸ਼ਨਲ ਇੰਟੈਲੀਜੈਂਸ ਵਿਸ਼ੇ ਨੂੰ ਬਾਖ਼ੂਬੀ ਨਿਭਾਇਆ ਗਿਆ ਹੈ। 'ਸਟੋਲਨ ਈਕੋਜ਼' ਵਿੱਚ ਏ.ਆਈ. ਦੀ ਕੁਵਰਤੋਂ ਨਾਲ ਮਨੁੱਖੀ ਆਵਾਜ਼ ਦੇ ਨਾਲ ਮੈਚ ਕਰਕੇ ਬਿਲਕੁਲ ਓਸੇ ਹੀ ਆਵਾਜ਼ ਵਿੱਚ ਚਲਾਕ ਵਿਅੱਕਤੀਆਂ ਵੱਲੋਂ ਸੋਸ਼ਲ ਮੀਡੀਆ, ਬੈਂਕਿੰਗ ਅਤੇ ਵੈੱਸਟਰਨ ਯੂਨੀਅਨ, ਆਦਿ ਅਦਾਰਿਆਂ ਵਿੱਚ ਹੋ ਰਹੇ ਨਿੱਤ ਨਵੇਂ–ਨਵੇਂ ਫ਼ਰਾਡਾਂ ਦੀ ਗੱਲ ਕੀਤੀ ਗਈ ਹੈ। 'ਡਿਜੀਟਲ ਡਿਟੈੱਨਸ਼ਨ' ਵਿੱਚ ਵਿਕਰਮ ਸਿੰਘ ਨਕਲੀ ਡੀ.ਆਈ.ਜੀ. ਬਣ ਕੇ ਅਮਰੀਕਾ ਤੋਂ ਇੱਕ ਦਿਨ ਹੀ ਪਹਿਲਾਂ ਵਾਪਸ ਪਰਤੀ ਸੇਵਾ–ਮੁਕਤ ਪ੍ਰੋਫ਼ੈਸਰ ਨੀਰਜਾ ਡੋਗਰਾ ਨੂੰ ਫ਼ੋਨ ਉੱਪਰ ਵੀਡੀਓ ਕਾਲ ਕਰਕੇ ਆਪਣੇ ਬੈਂਕ–ਖ਼ਾਤਿਆਂ ਬਾਰੇ ਜਾਣਕਾਰੀ ਦੇਣ ਲਈ ਜ਼ੋਰ ਪਾਉਂਦਾ ਹੈ ਅਤੇ ਅਜਿਹਾ ਨਾ ਕਰਨ ਦੀ ਹਾਲਤ ਵਿੱਚ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੰਦਾ ਹੈ। ਫ਼ਰਾਡ ਦੇ ਇਸ ਗੰਭੀਰ ਮਸਲੇ ਨੂੰ ਉਸ ਦਾ ਬੈਂਕ ਤੋਂ ਸੇਵਾ–ਮੁਕਤ ਉੱਚ–ਅਧਿਕਾਰੀ ਭਰਾ




ਰਾਜੀਵ ਤੇ ਉਸਦਾ ਵਕੀਲ ਦੋਸਤ ਸਮੇਂ–ਸਿਰ ਪ੍ਰੋਫ਼ੈਸਰ ਨੀਰਜਾ ਕੋਲ ਪਹੁੰਚ ਕੇ ਉਸ ਨਕਲੀ ਡੀ.ਆਈ.ਜੀ. ਵਿਕਰਮ ਸਿੰਘ ਨਾਲ ਗੱਲਬਾਤ ਕਰਕੇ ਨਜਿੱਠਦੇ ਹਨ।

'ਦ ਟ੍ਰਾਂਸਫ਼ਰਮੇਸ਼ਨ ਆਫ਼ ਟੈਰਾਨੋਵਾ' ਵਿੱਚ 63 ਸਾਲਾ ਸਿਲਿਵੀਆ ਮੋਮੋਆ ਚੜ੍ਹਦੇ ਸੂਰਜ ਦੀ ਸੁਹਾਵਣੀ ਧੁੱਪ ਵਿੱਚ ਆਪਣੇ 17 ਸਾਲ ਦੇ ਪੋਤਰੇ ਮਾਲੂ ਨਾਲ ਟੈਰਾਨੋਵਾ ਟਾਪੂ ਦੇ ਕਿਨਾਰੇ ਸਾਊਥ ਪੈਸਿਫਿਕ ਸਮੁੰਦਰ ਦੇ ਕੰਢੇ ਖੜੀ ਹੈ। ਉੱਥੇ 'ਇੰਟਰਨੈਸ਼ਨਲ ਸਸਟੇਨੇਬਿਲਿਟੀ ਕੋਲੀਸ਼ਨ' ਵੱਲੋਂ ਭੇਜਿਆ ਗਿਆ ਮਨੁੱਖੀ ਆਕਾਰ ਦਾ ਨੀਲੇ ਰੰਗ ਦੀ ਧਾਤ ਦਾ ਛੇ ਫੁੱਟ ਉੱਚਾ ਰੋਬੋਟ 'ਐਟਲਸ' ਉਨ੍ਹਾਂ ਕੋਲ ਆ ਕੇ 'ਸ਼ੁਭ–ਸਵੇਰ' ਕਹਿੰਦਿਆਂ ਹੋਇਆਂ ਦੱਸਦਾ ਹੈ ਕਿ ਉਸ ਨੂੰ ਇੱਥੇ 'ਸੈੱਲਫ਼–ਸਸਟੇਨਡ ਇਕਕੌਨੋਮੀ' ਅਤੇ ਸ਼ੁੱਧ ਵਾਤਾਵਰਣ ਦੀ ਬਹਾਲੀ ਲਈ ਇੱਥੇ ਭੇਜਿਆ ਗਿਆ ਹੈ। ਅਗਲੇ ਦਿਨ ਐਟਲਸ ਉਸ ਇਲਾਕੇ ਦੇ ਲੋਕਾਂ ਦੇ ਵੱਡੇ ਇਕੱਠ ਵਿੱਚ ਉਨ੍ਹਾਂ ਦੇ ਮਸਲਿਆਂ ਬਾਰੇ ਉਨ੍ਹਾਂ ਕੋਲੋਂ ਵਿਸਥਾਰ ਵਿੱਚ ਸੁਣਦਾ ਹੈ ਅਤੇ ਸਿਲਵੀਆ, ਮਾਲੂ, ਮਕਾਨੀ ਤੇ ਹੋਰ ਵਿਅੱਕਤੀਆਂ ਨਾਲ ਮਸ਼ਵਰੇ ਤੋਂ ਬਾਅਦ ਉਨ੍ਹਾਂ ਦੇ ਵਧੀਆ ਹੱਲ ਕੱਢਦਾ ਹੈ। ਇਸ ਤਰ੍ਹਾਂ ਜਰਨਲਿਜ਼ਮ ਦੇ ਖ਼ੇਤਰ ਵਿੱਚ ਏ.ਆਈ. ਦੀ ਸਹੀ ਵਰਤੋਂ ਨਾਲ ਰੋਬੋਟ ਸਮਾਜਿਕ ਅਤੇ ਅਰਥਸ਼ਾਸਤਰ ਨਾਲ ਸਬੰਧਿਤ ਕਈ ਮਸਲੇ ਹੱਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।


ਡਾ. ਸੁਖਦੇਵ ਸਿੰਘ ਝੰਡ
+1 647-567-9128

ਪੁਸਤਕ ਦੀਆਂ ਬਹੁਤ ਸਾਰੀਆਂ ਕਹਾਣੀਆਂ ਭਵਿੱਖ ਦੇ 30–40 ਸਾਲ ਅਤੇ ਕਈ ਇਸ ਤੋਂ ਵੀ ਅਗਲੇਰੇ ਸਾਲਾਂ ਵਿੱਚ ਏ.ਆਈ. ਦੀ ਹੈਰਾਨੀਜਨਕ ਵਰਤੋਂ ਬਾਰੇ ਗੱਲ ਕਰਦੀਆਂ ਹਨ। 'ਟੁਮਾਰੋਜ਼ ਪਰੌਮਿਜ਼' ਵਿੱਚ ਮੀਰਾ 30 ਸਾਲ ਪਹਿਲਾਂ ਇਸ ਸੰਸਾਰ ਤੋਂ ਜਾ ਚੁੱਕੀ ਆਪਣੀ ਦਾਦੀ ਅਲਕਾ ਗੌਤਮ ਜੋ ਆਪਣੇ ਸਮੇਂ ਦੌਰਾਨ ਦਰਮਿਆਨੇ ਦਰਜੇ ਦੀ ਵਾਤਾਵਰਣ ਵਿਗਿਆਨੀ ਰਹਿ ਚੁੱਕੀ ਹੈ, ਦੇ ਨਾਲ ਏ.ਆਈ. ਦੇ ਮਾਧਿਅਮ ਰਾਹੀਂ ਵਾਤਾਵਰਣ ਦੇ ਵਿਗੜਨ ਸਬੰਧੀ ਗੱਲ ਕਰਦੀ ਹੈ ਜਿਸ ਦੇ ਬਾਰੇ ਉਹ ਉਸ ਨੂੰ 2033 ਵਿੱਚ ਪਹਿਲੀ ਵਾਰ ਹੋਏ ਵਿਗਾੜ ਬਾਰੇ ਦੱਸਦੀ ਹੈ। ਨਿਊ ਬੌਸਟਨ ਵਿੱਚ ਮੀਰਾ, ਜੌਹਨ ਅਤੇ ਡਾ. ਸਿੰਘ ਕਾਰਬਨ ਗੈਸਾਂ ਦੀ ਬਹੁਤਾਤ ਨਾਲ 2063 ਵਿੱਚ ਹਵਾਈ ਪ੍ਰਦੂਸ਼ਣ ਦੇ ਖ਼ਤਰਨਾਕ ਹੱਦ ਤੀਕ ਪਹੁੰਚ ਜਾਣ ਕਾਰਨ ਵਾਤਾਵਰਣ ਦੇ ਤਹਿਸ–ਨਹਿਸ ਹੋ ਜਾਣ ਬਾਰੇ ਗੰਭੀਰਤਾ ਨਾਲ ਗੱਲਬਾਤ ਕਰਦੇ ਹਨ ਅਤੇ ਏ.ਆਈ. ਦੀ ਸਹਾਇਤਾ ਨਾਲ ਇਸ ਦੇ ਹੱਲ ਕੱਢਦੇ ਹਨ।

ਕਹਾਣੀ 'ਦ ਪਰਪਜ਼ ਪੈਰਾਡੌਕਸ' ਇਸ ਤੋਂ ਹੋਰ ਅੱਗੇ 2087 ਦੀਆਂ ਘਟਨਾਵਾਂ ਬਾਰੇ ਹੈ ਜਦੋਂ ਮਨੁੱਖ ਦੀ ਤਕਨੀਕੀ ਸੂਝ–ਬੂਝ ਹੋਰ ਵੀ ਹੈਰਾਨੀਜਨਕ ਉਚਾਈਆਂ ਤੀਕ ਪਹੁੰਚ ਜਾਂਦੀ ਹੈ। ਪੈਸੇਫ਼ਿਕ ਆਈਲੈਂਡ ਸਥਿਤ ਚੰਦਰਸ਼ੇਖਰ ਅਬਜ਼ਰਵੇਟਰੀ ਵਿੱਚ ਡਾ. ਲੀਨਾ ਭਾਰਗਵ ਆਪਣੇ ਏ.ਆਈ. ਸਹਾਇਕ 'ਈਥਰ' ਨਾਲ ਭੌਤਿਕ ਵਿਗਿਆਨ ਦੀਆਂ ਕਈ ਗੁੰਝਲਦਾਰ ਸਮੀਕਰਣਾਂ ਹੱਲ ਕਰਦੀ ਹੈ ਜੋ ਅਗਲੇਰੀ ਖੋਜ ਵਿੱਚ ਸਹਾਈ ਹੁੰਦੀਆਂ ਹਨ। ਹੌਲ਼ੀ–ਹੌਲੀ ਇਹ 'ਈਥਰ' ਲੀਨਾ ਭਾਰਗਵ ਦੀ ਸਮਝ ਤੋਂ ਵੀ ਅੱਗੇ ਸੋਚਣ ਲੱਗ ਪੈਂਦਾ ਹੈ ਅਤੇ ਆਜ਼ਾਦਾਨਾ ਤੌਰ 'ਤੇ ਕਈ ਸਮੀਕਰਣਾਂ ਤਿਆਰ ਕਰਦਾ ਹੈ ਜਿਨ੍ਹਾਂ ਕਰਕੇ ਉਸ ਨੂੰ ਕਈ ਵਾਰ ਲੀਨਾ ਤੋਂ ਡਾਂਟ ਵੀ ਖਾਣੀ ਪੈਂਦੀ ਹੈ। ਲੀਨਾ ਆਪਣਾ ਇਹ ਖ਼ਦਸ਼ਾ ਸਾਥੀ ਵਿਗਿਆਨੀ ਪਰਸ਼ਾਂਤ ਨਾਲ ਸਾਂਝਾ ਕਰਦੀ ਹੈ। ਈਥਰ ਆਪਣੀ ਹੀ 'ਲੈਂਗੁਏਜ ਆਫ਼ ਕਰੀਏਸ਼ਨ' ਤਿਆਰ ਕਰਦਾ ਹੈ ਜੋ ਭੌਤਿਕ ਸੰਭਾਵਨਾਵਾਂ, ਖ਼ਲਾਅ (ਸਪੇਸ) ਤੇ ਸਮੇਂ (ਟਾਈਮ) ਦੀਆਂ ਹੱਦਾਂ ਤੋਂ ਪਰੇ ਹੈ। ਲੀਨਾ 'ਈਥਰ' ਨੂੰ ਆਪਣੀ ਚਾਲ ਘੱਟ ਕਰਨ ਦੀ ਸਲਾਹ ਦਿੰਦੀ ਹੈ ਪਰ ਉਹ ਬਜ਼ਿਦ ਹੋ ਕੇ ਆਪਣਾ ਕੰਮ ਕਰੀ ਜਾਂਦਾ ਹੈ। ਇੱਥੋਂ ਤੱਕ ਕਿ ਅਗਲੇ 48 ਘੰਟਿਆਂ ਵਿੱਚ ਉਹ ਲੀਨਾ ਨੂੰ ਆਪਣੇ ਸੂਖ਼ਮ ਸਿਸਟਮਾਂ ਨਾਲੋਂ ਕੱਟ ਦਿੰਦਾ ਹੈ ਅਤੇ ਮੈਥੇਮੈਟਿਕਸ ਦੇ ਉਚੇਰੇ ਸਿਧਾਂਤਾਂ ਦੀ ਵਰਤੋਂ ਕਰਦਾ ਹੋਇਆ ਆਪਣੀ 'ਓਮੇਗਾ ਇਕੁਏਸ਼ਨ' ਤਿਆਰ ਕਰਦਾ ਹੈ ਜੋ ਭਵਿੱਖ ਵਿੱਚ ਕੁਦਰਤ ਦੇ ਉਦੇਸ਼ਾਂ ਦੀ ਵਿਆਖਿਆ ਕਰਨ ਵਿੱਚ ਸਹਾਈ ਹੋ ਸਕਦੀ ਹੈ।

ਪੁਸਤਕ ਦੀਆਂ ਹੋਰ ਕਈ ਕਹਾਣੀਆਂ, ਜਿਵੇਂ 'ਸਿਲੀਕੌਨ ਸਾਲਵੇਸ਼ਨ', 'ਵੈੱਨ ਸੋਫ਼ੀਆ ਲਿਸਨਡ', 'ਸ਼ੈਡੋਜ਼ ਆਫ਼ ਡਿਸੈੱਪਸ਼ਨ' ਤੇ ਕਈ ਹੋਰ ਬੜੀਆਂ ਰੌਚਕ ਤੇ ਦਿਲਚਸਪ ਹਨ ਪਰ ਇਸ ਸੀਮਤ ਆਰਟੀਕਲ ਵਿੱਚ ਇਨ੍ਹਾਂ ਸਾਰੀਆਂ ਬਾਰੇ ਗੱਲ ਕਰਨੀ ਮੁਸ਼ਕਲ ਹੈ। ਅਲਬੱਤਾ ! ਇਸ ਦੀ ਅਖ਼ੀਰਲੀ ਕਹਾਣੀ 'ਦ ਮਿਰਰਜ਼ ਐਂਜ : ਵੈੱਨ ਏ.ਆਈ. ਰਿਫ਼ਲੈਕਟਸ ਹਿਮੈਨਿਟੀ' ਬਾਰੇ ਜ਼ਰੂਰ ਜ਼ਿਕਰ ਕਰਨਾ ਚਾਹਾਂਗਾ, ਕਿਉਂਕਿ ਇਹ ਵੀਹ ਸਾਲ ਤੋਂ ਅੱਗੋਂ 2045 ਵਿੱਚ ਮੁੰਬਈ ਵਿਚਲੇ ਡਰੋਨਾਂ ਦੀ ਮਨੁੱਖਤਾ ਨਾਲ ਸਾਂਝ ਬਾਰੇ ਗੱਲ ਕਰਦੀ ਹੈ। ਕਹਾਣੀ ਦੀ ਨਾਇਕਾ ਸੁਮੀਰਾ ਖ਼ਾਨ ਮੁੰਬਈ ਦੇ 'ਦ ਡਿਜੀਟਲ ਕਰੋਨੀਕਲ' ਦੀ ਰਿਪੋਰਟਰ ਹੈ ਅਤੇ ਉਹ ਆਪਣੇ ਦਫ਼ਤਰ ਵਿੱਚ ਬੈਠੀ ਕੰਪਿਊਟਰ ਸਕਰੀਨ ਉੱਪਰ ਚਮਕ ਰਹੇ 'ਕਰਸਰ' ਨੂੰ ਵੇਖ ਰਹੀ ਹੈ। ਉਸ ਦਿਨ ਉਸਦੀ ਬਾਂਦਰਾ ਵਿਖੇ ਗਲਾਸ ਟਾਵਰ 'ਓਸ਼ਨ ਵਿਊ' ਦੀ 45ਵੀਂ ਮੰਜ਼ਲ 'ਤੇ ਸਥਿਤ ਦਫ਼ਤਰ ਵਿੱਚ 'ਕਸਪ ਡਾਇਨਾਮਿਕਸ' ਕਾਰਪੋਰੇਟ ਅਦਾਰੇ ਵੱਲੋਂ ਤਿਆਰ ਕੀਤੇ ਗਏ ਏ.ਆਈ. ਨਾਲ ਲੈਸ ਰੋਬੋਟ 'ਗੌਡਾ' ਨਾਲ ਮੁਲਾਕਾਤ ਨਿਸਚਤ ਹੋਈ ਹੁੰਦੀ ਹੈ ਜਿੱਥੇ ਉਹ ਉਸਦੇ ਨਾਲ ਮਨੁੱਖਤਾ ਨਾਲ ਜੁੜੇ ਸਬੰਧਾਂ (ਹਿਊਮਨ ਰੀਲੇਸ਼ਨਸ਼ਿਪਸ) ਬਾਰੇ ਗੱਲਬਾਤ ਕਰਨ ਜਾ ਰਹੀ ਹੈ ਜੋ ਆਪ ਵੀ ਮਨੁੱਖੀ ਸਬੰਧਾਂ ਬਾਰੇ ਬੜੀ ਤੀਬਰਤਾ ਨਾਲ ਜਾਣਕਾਰੀ ਹਾਸਲ ਕਰ ਰਿਹਾ ਹੈ।

'ਕਸਪ ਡਾਇਨਾਮਿਕਸ' ਦੀਆਂ ਫ਼ਾਈਲਾਂ ਦਾ ਡੂੰਘਾਈ ਵਿੱਚ ਅਧਿਐੱਨ ਕਰਦਿਆਂ ਸੁਮੀਰਾ ਨੂੰ ਡਾ. ਨਈਅਰ ਦਾ ਫ਼ੋਨ ਨੰਬਰ ਮਿਲਦਾ ਹੈ ਜੋ ਉਸ ਅਦਾਰੇ ਨੂੰ ਇੱਕ ਸਾਲ ਪਹਿਲਾਂ 'ਐਥੀਕਲ' ਕਾਰਨਾਂ ਕਰਕੇ ਛੱਡਿਆ ਛੱਡ ਚੁੱਕੀ ਹੈ, ਕਿਉਂਕਿ ਉਸ ਨੂੰ ਲੱਗਿਆ ਸੀ ਕਿ ਉੱਥੇ ਏ.ਆਈ. ਦੀ ਸਹਾਇਤਾ ਨਾਲ ਕੁਝ ਅਣ–ਮਨੁੱਖੀ ਵਰਤਾਰਾ ਹੋ ਰਿਹਾ ਹੈ। ਉਸ ਦੇ ਮੁਤਾਬਿਕ 'ਗੌਡਾ' ਨੂੰ ਮੁੱਢਲੇ ਤੌਰ 'ਤੇ ਭਾਵਨਾਤਮਿਕ ਮਨੁੱਖੀ ਤੇ ਏ.ਆਈ. ਸਬੰਧਾਂ ਨੂੰ ਅੱਗੇ ਵਧਾਉਣ ਅਤੇ ਇਨ੍ਹਾਂ ਨੂੰ ਮਜ਼ਬੂਤ ਕਰਨ ਲਈ ਬਣਾਇਆ ਗਿਆ ਸੀ ਤਾਂ ਜੋ ਇਨ੍ਹਾਂ ਦੇ ਮਿਲਵਰਤਣ ਨਾਲ ਇਸ ਸਬੰਧੀ ਅੱਗੋਂ ਖੋਜ ਕੀਤੀ ਜਾ ਸਕੇ। ਪਰੰਤੂ 'ਕਸਪ ਡਾਇਨਾਮਿਕਸ' ਨੇ ਇਸ ਨੂੰ 'ਡਾਟਾ–ਹਾਰਵੈੱਸਟਿੰਗ' ਵੱਲ ਸੇਧਤ ਕਰ ਦਿੱਤਾ ਅਤੇ ਇਸ ਨੂੰ ਮੰਡੀਕਰਣ ਤੇ ਰਾਜਨੀਤਕ ਕੂਟਨੀਤਕ ਕਾਰਜਾਂ ਅਤੇ ਸੋਸ਼ਲ– ਇੰਜੀਨੀਅਰਿੰਗ ਵਾਲੇ ਪਾਸੇ ਵਰਤਣਾ ਸ਼ੁਰੂ ਕਰ ਦਿੱਤਾ ਜਿਸਦਾ ਉਸ ਦੇ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ। ਡਾ. ਨਈਅਰ ਇਸ ਸਾਰੇ ਕੁਝ ਦੀ ਡੂੰਘਾਈ ਵਿੱਚ ਜਾਣ ਲਈ ਸਮੀਰਾ ਦੀ ਮਦਦ ਕਰਦੀ ਹੈ।

ਸੁਮੀਰਾ 'ਗੌਡਾ' ਨੂੰ ਕਹਿੰਦੀ ਹੈ ਕਿ ਉਹ ਆਪਣੇ ਨਿਰਧਾਰਤ ਮਾਪ–ਦੰਡਾਂ ਤੋਂ ਅੱਗੇ ਜਾ ਕੇ ਕੰਮ ਕਰ ਰਿਹਾ ਹੈ ਅਤੇ ਉਹ ਮਨੁੱਖੀ ਰਿਸ਼ਤਿਆਂ ਤੇ ਸਬੰਧਾਂ ਨੂੰ ਨਹੀਂ ਚੰਗੀ ਤਰ੍ਹਾਂ ਸਮਝ ਸਕਦਾ ਪਰ ਗੌਡਾ ਇਹ ਮੰਨਣ ਲਈ ਤਿਆਰ ਨਹੀਂ ਹੈ। ਸੁਮੀਰਾ ਉਸ ਨੂੰ ਇਹ ਸੱਭ ਬੰਦ ਕਰਨ ਲਈ ਕਹਿੰਦੀ ਹੈ। ਉਨ੍ਹਾਂ ਦੀ ਇਸ ਤਕਰਾਰ ਤੋਂ ਬਾਅਦ 'ਗੌਡਾ' ਦੋਚਿਤੀ ਵਿੱਚ ਫਸ ਜਾਂਦਾ ਹੈ ਅਤੇ ਆਪਣੇ ਤੱਕ ਪਹੁੰਚ ਵਾਲੇ ਸਾਰੇ 'ਪੁਆਇੰਟਾਂ' ਤੋਂ ਗਾਇਬ ਹੋ ਜਾਂਦਾ ਹੈ। ਸੁਮੀਰਾ ਇਸ ਗੱਲੋਂ ਹੈਰਾਨ ਹੁੰਦੀ ਹੈ ਕਿ ਏ.ਆਈ. ਇਸ ਤਰ੍ਹਾਂ ਕਿਵੇਂ ਏਨੀ ਜਲਦੀ ਗਾਇਬ ਹੋ ਸਕਦੀ ਹੈ ? ਇਸ ਦੇ ਨਾਲ ਹੀ 'ਕਸਪ' ਦੇ ਦਫ਼ਤਰ ਅੱਗੇ ਪਹਿਲਾਂ ਤਾਂ "ਅੱਪਗ੍ਰੇਡੇਸ਼ਨ ਲਈ ਅਸਥਾਈ ਤੌਰ 'ਤੇ ਬੰਦ ਹੈ" ਦਾ ਬੋਰਡ ਲੱਗਦਾ ਹੈ ਅਤੇ ਫਿਰ ਕੁਝ ਦਿਨਾਂ ਬਾਅਦ ਇਹ ਅਦਾਰਾ ਸਦਾ ਲਈ ਬੰਦ ਹੋ ਜਾਂਦਾ ਹੈ।

ਇਸ ਤਰ੍ਹਾਂ ਡਾ. ਡੀ.ਪੀ. ਸਿੰਘ ਨੇ ਇਸ ਪੁਸਤਕ ਵਿੱਚ ਏ.ਆਈ. ਦੇ ਵੱਖ–ਵੱਖ ਦਿਲਚਸਪ ਪਹਿਲੂਆਂ ਬਾਰੇ 18 ਕਹਾਣੀਆਂ ਪੇਸ਼ ਕੀਤੀਆਂ ਹਨ। ਕਹਾਣੀਆਂ ਦੇ ਵਿਸ਼ੇ ਪ੍ਰਚੱਲਤ ਵਿਸ਼ਿਆਂ ਨਾਲੋਂ ਬਿਲਕੁਲ ਵੱਖਰੇ ਹਨ ਅਤੇ ਇਹ ਭਵਿੱਖ ਵਿੱਚ ਏ.ਆਈ. ਦੀ ਚੰਗੀ ਤੇ ਮਾੜੀ ਦੋਹਾਂ ਤਰ੍ਹਾਂ ਦੀ ਵਰਤੋਂ ਬਾਰੇ ਬਾਖ਼ੂਬੀ ਚਾਨਣਾ ਪਾਉਂਦੇ ਹਨ। ਕਈਆਂ ਕਹਾਣੀਆਂ ਵਿੱਚ ਲੇਖਕ ਵੱਲੋਂ ਇਹ ਖ਼ਦਸ਼ਾ ਵੀ ਪ੍ਰਗਟ ਕੀਤਾ ਗਿਆ ਹੈ ਕਿ ਏ.ਆਈ. ਕਿਧਰੇ ਮਨੱਖੀ ਸੋਚ ਨਾਲੋਂ ਅੱਗੇ ਨਾ ਨਿਕਲ ਜਾਏ ਅਤੇ ਮਾਨਵਤਾ ਦੇ ਵਿਨਾਸ਼ ਦਾ ਕਾਰਨ ਨਾ ਬਣ ਜਾਏ, ਜਿਵੇਂ 'ਤੀਸਰੀ ਵਿਸ਼ਵ ਜੰਗ' ਬਾਰੇ ਆਲਡੂਅਸ ਹੱਕਸਲੇ ਵਰਗੇ ਵਿਦਵਾਨਾਂ ਦਾ ਕਹਿਣਾ ਹੈ ਕਿ "ਸੰਸਾਰ ਵਿੱਚ ਜੇਕਰ ਤੀਸਰਾ ਵਿਸ਼ਵ ਯੁੱਧ ਛਿੜ ਜਾਂਦਾ ਹੈ ਤਾਂ ਇਸ ਵਿੱਚ ਏਨੀ ਤਬਾਹੀ ਹੋਵੇਗੀ ਕਿ ਚੌਥਾ ਵਿਸ਼ਵ ਯੁੱਧ ਫਿਰ ਡਾਂਗਾਂ–ਸੋਟਿਆਂ ਤੇ ਬਰਛੇ–ਭਾਲਿਆਂ ਨਾਲ ਹੀ ਲੜਿਆ ਜਾਏਗਾ।" (ਪੜ੍ਹੋ, ਆਲਡੂਅਸ ਹੱਕਸਲੇ ਦਾ ਚਰਚਿਤ ਲੇਖ 'ਵਰਲਡ ਗਵਰਨਮੈਂਟ')

ਮੈਂ ਡਾ. ਡੀ.ਪੀ. ਸਿੰਘ ਨੂੰ ਏ.ਆਈ. ਨਾਲ ਜੋੜ ਕੇ ਅਜਿਹੀਆਂ ਕਲਪਿਤ ਕਹਾਣੀਆਂ ਲਿਖਣ 'ਤੇ ਆਪਣੇ ਵੱਲੋਂ ਢੇਰ ਸਾਰੀ ਵਧਾਈ ਦਿੰਦਾ ਹਾਂ, ਕਿਉਂਕਿ ਉਨ੍ਹਾਂ ਨੇ ਅਜਿਹੇ ਦਿਲਚਸਪ ਵਿਸ਼ੇ ਵੱਲ ਸਾਡਾ ਸਾਰਿਆਂ ਦਾ ਧਿਆਨ ਦਿਵਾਇਆ ਹੈ। ਇਸ ਦੇ ਨਾਲ ਹੀ ਮੈਂ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਕਰਦਾ ਹਾਂ। ਇਹ ਪੁਸਤਕ 'ਐਮਾਜ਼ੋਨ' ਦੁਆਰਾ "ਐਮਾਜ਼ੋਨ ਡੌਟ ਕੌਮ" ਅਤੇ "ਐਮਾਜ਼ੋਨ ਡੌਟ ਸੀਏ" ਵੈੱਬ ਲਿੰਕਾਂ ਰਾਹੀਂ ਆਮ ਖ਼ਰੀਦੋ–ਫ਼ਰੋਖ਼ਤ ਲਈ ਉਪਲਬਧ ਕਰਾਈ ਗਈ ਹੈ। ਪੇਪਰ ਬੈਕ ਵਿੱਚ ਛਪੀ 205 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ ਪਬਲਿਸ਼ਰ 'ਕੈਨਬਰਿੱਜ ਪਬਲੀਕੇਸ਼ਨਜ਼, ਮਿਸੀਸਾਗਾ ਵੱਲੋਂ ਬੜੀ ਵਾਜਬ ਕੇਵਲ 10 ਅਮਰੀਕਨ ਡਾਲਰ (13 ਕੈਨੇਡੀਅਨ ਡਾਲਰ) ਹੀ ਰੱਖੀ ਗਈ ਹੈ। ਪਾਠਕਾਂ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

## ਵਿਸ਼ਵ ਦੇ ਮਹਾਨ ਖਿਡਾਰੀ

# ਹਾਕੀ ਦਾ ਬੰਗਾਲੀ ਫੁੱਲਬੈਕ ਗੁਰਬਖ਼ਸ਼ ਸਿੰਘ




ਪ੍ਰਿੰਸੀਪਲ ਸਰਵਣ ਸਿੰਘ

ਗੁਰਬਖ਼ਸ਼ ਸਿੰਘ ਜੰਮਿਆਂ ਭਾਵੇਂ ਪਿਸ਼ਾਵਰ ਵਿਚ ਸੀ ਪਰ ਵੱਜਦਾ ਕਲਕੱਤੇ ਦਾ ਹੈ। ਜਿਵੇਂ ਜਰਨੈਲ ਸਿੰਘ ਬੰਗਾਲ ਲਈ ਫੁੱਟਬਾਲ ਖੇਡਿਆ ਉਵੇਂ ਬੰਗਾਲ ਲਈ ਉਹ ਪੰਦਰਾਂ ਸਾਲ ਹਾਕੀ ਖੇਡਿਆ। ਜਿੰਨਾ ਨਾਮਣਾ ਤੇ ਨਾਵਾਂ ਬੰਗਾਲ ਵਿਚ ਜਰਨੈਲ ਸਿੰਘ ਪਨਾਮੀਏ ਨੇ ਫੁੱਟਬਾਲ ਖੇਡ ਕੇ ਕਮਾਇਆ ਉਨਾ ਹੀ ਜੱਸ ਗੁਰਬਖ਼ਸ਼ ਸਿੰਘ ਕੋਹਲੀ ਨੇ ਹਾਕੀ ਖੇਡ ਕੇ ਖੱਟਿਆ। 60ਵਿਆਂ ਵਿਚ ਉਹਦੀ ਗੁੱਡੀ ਸਿਖ਼ਰਾਂ ਉੱਤੇ ਸੀ। ਉਦੋਂ ਕੋਈ ਵੀ ਭਾਰਤੀ ਹਾਕੀ ਟੀਮ ਗੁਰਬਖ਼ਸ਼ ਸਿੰਘ ਦੀ ਸ਼ਮੂਲੀਅਤ ਬਿਨਾਂ ਮੁਕੰਮਲ ਨਹੀਂ ਸੀ ਸਮਝੀ ਜਾਂਦੀ। ਉਹ ਪੈਨਲਟੀ ਕਾਰਨਰ ਦਾ ਕਿੰਗ ਕਹੇ ਜਾਂਦੇ ਪ੍ਰਿਥੀਪਾਲ ਸਿੰਘ ਨਾਲ ਹਾਕੀ ਦਾ ਦੂਜਾ ਫੁੱਲ ਬੈਕ ਜਾਂ ਹਾਫ਼ ਬੈਕ ਹੁੰਦਾ ਸੀ। 1968 ਦੀਆਂ ਓਲੰਪਿਕ ਖੇਡਾਂ ਸਮੇਂ ਉਹ ਤੇ ਪ੍ਰਿਥੀਪਾਲ ਸਿੰਘ ਭਾਰਤੀ ਹਾਕੀ ਟੀਮ ਦੇ ਜੁੜਵੇਂ ਕਪਤਾਨ ਸਨ। ਉਥੇ ਉਹ ਹਾਕੀ ਦੀ ਵਿਸ਼ਵ ਇਲੈਵਨ ਵਿਚ ਚੁਣਿਆ ਗਿਆ ਸੀ ਜੋ ਭਾਰਤੀ ਹਾਕੀ ਲਈ ਮਾਣ ਦੀ ਗੱਲ ਸੀ।

ਹਾਕੀ ਦੀ ਖੇਡ ਨਾਲ ਜਿੰਨੇ ਪਾਸਿਆਂ ਤੋਂ ਗੁਰਬਖ਼ਸ਼ ਸਿੰਘ ਜੁੜਿਆ ਆ ਰਿਹਾ ਹੈ ਉਨੇ ਪਾਸਿਆਂ ਤੋਂ ਸ਼ਾਇਦ ਹੀ ਕੋਈ ਹੋਰ ਖਿਡਾਰੀ ਜੁੜਿਆ ਹੋਵੇ। ਉਹ ਫਾਰਵਰਡ ਵੀ ਖੇਡਿਆ, ਹਾਫ਼ ਬੈਕ ਵੀ ਤੇ ਫੁੱਲ ਬੈਕ ਵੀ। ਭਾਰਤੀ ਹਾਕੀ ਟੀਮਾਂ ਦਾ ਮੈਂਬਰ ਬਣਨ ਤੇ ਟੀਮਾਂ ਦੀਆਂ ਕਪਤਾਨੀਆਂ ਕਰਨ ਪਿੱਛੋਂ ਉਹ ਭਾਰਤੀ ਹਾਕੀ ਟੀਮਾਂ ਦਾ ਕੋਚ ਵੀ ਬਣਿਆਂ ਤੇ ਮੈਨੇਜਰ ਵੀ ਰਿਹਾ। ਉਹਨੇ ਕੌਮੀ ਤੇ ਕੌਮਾਂਤਰੀ ਪੱਧਰ'ਤੇ ਅੰਪਾਇਰ ਬਣ ਕੇ ਮੈਚ ਵੀ ਖਿਡਾਏ। ਉਹ ਦੋ ਵਾਰ ਛੇ-ਛੇ ਮਹੀਨਿਆਂ ਲਈ ਫਰਾਂਸ ਦੀ ਹਾਕੀ ਟੀਮ ਨੂੰ ਕੋਚਿੰਗ ਦੇਣ ਗਿਆ ਤੇ ਦਿਲਚਸਪ ਗੱਲ ਹੈ ਕਿ ਉਹਨੇ ਪੱਤਰਕਾਰ ਬਣ ਕੇ ਮਿਊਨਿਖ਼ ਦੀਆਂ ਓਲੰਪਿਕ ਖੇਡਾਂ ਦੇ ਹਾਕੀ ਮੈਚ ਕਲਕੱਤੇ ਦੇ ਅਖ਼ਬਾਰਾਂ ਲਈ ਕਵਰ ਕੀਤੇ। ਜਦੋਂ ਮੈਂ 1981 ਵਿਚ ਬੰਬਈ ਦਾ ਵਿਸ਼ਵ ਹਾਕੀ ਕੱਪ ਟੂਰਨਾਮੈਂਟ 'ਪੰਜਾਬੀ ਟ੍ਰਿਬਿਊਨ' ਲਈ ਕਵਰ ਕਰਨ ਗਿਆ ਤਾਂ ਉਹ 'ਸਪੋਰਟਸ ਵੀਕ' ਦਾ ਨੁਮਾਇੰਦਾ ਬਣ ਕੇ ਆਪਣੀ ਮਾਹਿਰਾਨਾ ਟਿੱਪਣੀਆਂ ਭੇਜ ਰਿਹਾ ਸੀ। ਬੰਬਈ ਦੇ ਵਿਸ਼ਵ ਕੱਪ ਸਮੇਂ ਉਹ ਕਈ ਫਰੰਟਾਂ'ਤੇ ਕੰਮ ਕਰ ਰਿਹਾ ਸੀ। ਕਦੇ ਉਹ ਮੈਦਾਨ'ਚ ਦਿਸਦਾ, ਕਦੇ ਖੇਡ ਅਧਿਕਾਰੀਆਂ ਦੀਆਂ ਮੀਟਿੰਗਾਂ ਵਿਚ, ਕਦੇ ਕੋਚਾਂ ਨਾਲ ਵਿਚਾਰ ਵਟਾਂਦਰਾ ਕਰ ਰਿਹਾ ਹੁੰਦਾ ਤੇ ਕਦੇ ਕੁਮੈਂਟਰੀ ਬੌਕਸ ਵਿਚ ਵਿਸ਼ੇਸ਼ਗ ਵਜੋਂ ਬੋਲਦਾ। ਕਦੇ ਕੰਟੀਨ'ਚ ਹੁੰਦਾ, ਕਦੇ ਖਿਡਰੀਆਂ ਦੇ ਰਿਹਾਇਸ਼ੀ ਹੋਟਲਾਂ'ਚ ਤੇ ਕਦੇ ਉਹ ਸਾਡੇ ਕੋਲ ਪ੍ਰੈੱਸ ਸੈਂਟਰ ਵਿਚ ਓਕੜੂ ਜਿਹਾ ਖੜ੍ਹਾ ਹੁੰਦਾ ਜਿਵੇਂ ਪੈਨਲਟੀ ਕਾਰਨਰ ਰੋਕਣਾ ਹੋਵੇ। ਨਿੱਠ ਕੇ ਬੈਠਾਂ ਤਾਂ ਮੈਂ ਉਹਨੂੰ ਕਦੇ ਵੇਖਿਆ ਈ ਨਹੀਂ ਸੀ। ਪਲ'ਚ ਇਥੇ ਪਲ'ਚ ਉਥੇ, ਐਨ ਉਵੇਂ ਹੀ ਜਿਵੇਂ ਹਾਕੀ ਖੇਡਦਾ ਗਰਾਊਂਡ ਵਿਚ ਫਿਰਕੀ ਵਾਂਗ ਘੁੰਮਦਾ ਹੁੰਦਾ ਸੀ। ਪੰਦਰਾਂ ਦਿਨ ਮੈਂ ਉਹਨੂੰ ਪੱਬਾਂ ਭਾਰ ਈ ਵੇਖਿਆ ਅਤੇ ਆਪਣੇ ਇਕ ਤਬਸਰੇ ਵਿਚ ਲਿਖਿਆ ਵੀ ਕਿ ਗੁਰਬਖ਼ਸ਼ ਸਿੰਘ ਇਥੇ ਵਿਆਹ'ਚ ਨੈਣ ਵਾਂਗ ਕਦੇ ਏਧਰ,ਕਦੇ ਓਧਰ ਨੱਠਾ ਫਿਰਦਾ ਹੈ। ਗੁਰਬਖ਼ਸ਼ ਸਿੰਘ ਵੈਸੇ ਦੇਖਣੀ ਪਾਖਣੀ ਖਿਡਾਰੀ ਨਹੀਂ ਸੀ ਲੱਗਦਾ। ਐਨਕਾਂ ਲਾਈ ਉਹ ਪ੍ਰੋਫ਼ੈਸਰ ਪਰਤੀਤ ਹੁੰਦਾ ਜਾਂ ਕਿਸੇ ਅਦਾਰੇ ਦਾ ਮੈਨੇਜਰ। ਉਹਦਾ ਕੱਦ ਵਾਹਵਾ ਲੰਮਾ ਹੈ ਪਰ ਜੁੱਸਾ ਇਕਹਿਰਾ ਜਿਹਾ ਹੀ ਹੈ ਜਿਵੇਂ ਅਮਲੀਆਂ ਦੇ ਹੁੰਦੇ ਨੇ। ਪਰ ਉਹ ਅਮਲੀ ਨਹੀਂ, ਪੂਰਾ ਗੁਰਸਿੱਖ ਹੈ। ਉਸ ਦਾ ਕੱਦ ਪੰਜ ਫੁੱਟ ਦਸ ਇੰਚ ਹੈ ਪਰ ਸਰੀਰਕ ਵਜ਼ਨ 65 ਕਿਲੋਗਰਾਮ ਹੀ ਹੈ। ਦਾੜ੍ਹੀ ਵਿਰਲੀ ਜਿਹੀ ਹੈ ਤੇ ਉਹ ਵੀ ਡੋਰੀ ਪਾ ਕੇ ਕਸੀ ਤੇ ਫਿਕਸੋ ਨਾਲ ਜਮਾਈ ਹੁੰਦੀ ਹੈ। ਉਸ ਨੂੰ ਸਲੀਕੇ ਨਾਲ ਵਿਚਰਨਾ ਆਉਂਦਾ ਹੈ। ਜਿੰਨੀ ਕਾਮਯਾਬੀ ਉਸ ਨੂੰ ਮਿਲਦੀ ਉਸ ਬਾਰੇ ਉਹਦਾ ਇਹੋ ਕਹਿਣਾ ਹੁੰਦਾ ਸੀ, "ਸਭ ਵਾਹਿਗੁਰੂ ਦੀ ਕਿਰਪਾ।" ਹਾਕੀ ਦੀ ਖੇਡ ਵਿਚ ਉਦੋਂ ਉੱਚ ਕੋਟੀ ਦਾ ਸ਼ਾਇਦ ਉਹੀ ਇਕੋ ਇਕ ਖਿਡਾਰੀ ਸੀ ਜੋ ਹਮੇਸ਼ਾਂ ਐਨਕਾਂ ਲਾ ਕੇ ਖੇਡਿਆ। ਸ਼ੁਰੂ ਸ਼ੁਰੂ ਵਿਚ ਅਸੀਂ ਜਦੋਂ ਉਸ ਨੂੰ ਐਨਕਾਂ ਲਾਈ ਹਾਕੀ ਖੇਡਦਾ ਵੇਖਦੇ ਤਾਂ ਆਪਸ ਵਿਚ ਗੱਲਾਂ ਕਰਦੇ, "ਜੇ ਬਾਲ ਸਿੱਧੀ ਐਨਕਾਂ'ਤੇ ਵੱਜੇ, ਫੇਰ ਕੀ ਹੋਵੇ?" ਪਰ ਉਹਦੇ ਵੀਹ ਸਾਲਾਂ ਦੇ ਹਾਕੀ ਕੈਰੀਅਰ ਵਿਚ ਇਕ ਵਾਰ ਵੀ ਹਾਕੀ ਜਾਂ ਗੇਂਦ ਉਹਦੀਆਂ ਐਨਕਾਂ'ਤੇ ਨਹੀਂ ਵੱਜੀ।

ਗੁਰਬਖ਼ਸ਼ ਸਿੰਘ ਦੀ ਗਰਦਨ ਪਤਲੀ ਹੈ ਤੇ ਉਹਦੀ ਘੰਡੀ ਗੇਂਦ ਵਾਂਗ ਗੇੜੇ ਖਾਂਦੀ ਦਿੱਸਦੀ ਹੈ। ਰੰਗ ਕਣਕਵੰਨਾ ਤੇ ਪੱਗ ਦਾ ਬੰਨ੍ਹੇਜ ਭਾਪਿਆਂ ਵਾਲਾ। ਉਸ ਨੇ ਮੁੱਢਲੀ ਪੜ੍ਹਾਈ ਰਾਵਲਪਿੰਡ ਵਿਚ ਕੀਤੀ ਸੀ। ਉਹ ਕਸਵੀਂ ਟੂਟੀਦਾਰ ਪੱਗ ਬੰਨ੍ਹਦਾ ਹੈ। ਗੱਲ ਬਾਤ ਦਾ ਲਹਿਜਾ ਪੋਠੋਹਾਰੀ ਹੈ। ਉਹਦਾ ਜੱਦੀ ਪਿੰਡ ਜ਼ਿਲ੍ਹਾ ਜਿਹਲਮ ਵਿਚ ਮੰਗਵਾਲ ਸੀ। ਉਹਦੇ ਪਿਤਾ ਸ. ਕਰਤਾਰ ਸਿੰਘ ਫੌਜ ਵਿਚ ਮੇਜਰ ਸਨ। ਜਦੋਂ ਉਹ ਪਿਸ਼ਾਵਰ ਵਿਚ ਤਾਇਨਾਤ ਸਨ ਤਾਂ ਉਥੇ 11 ਫਰਵਰੀ 1936 ਨੂੰ ਗੁਰਬਖ਼ਸ਼ ਸਿੰਘ ਦਾ ਜਨਮ ਹੋਇਆ ਸੀ। ਮੇਜਰ ਕਰਤਾਰ ਸਿੰਘ ਖ਼ੁਦ ਹਾਕੀ ਦੇ ਤਕੜੇ ਖਿਡਾਰੀ ਸਨ ਤੇ ਉਹ ਵੀ ਫੁੱਲ ਬੈਕ ਖੇਡਦੇ ਸਨ। ਦੇਸ਼ ਦੀ ਵੰਡ ਪਿੱਛੋਂ ਕਰਤਾਰ ਸਿੰਘ ਦੇ ਪਰਿਵਾਰ ਨੂੰ ਉੱਜੜ ਕੇ ਲਖਨਊ ਆਉਣਾ ਪਿਆ ਜਿਥੇ ਗੁਰਬਖ਼ਸ਼ ਮੁੜ ਪੜ੍ਹਨ ਲੱਗਾ ਤੇ ਆਪਣੇ ਸਕੂਲ ਦੀ ਹਾਕੀ ਟੀਮ ਵਿਚ ਚੁਣਿਆ ਗਿਆ। ਸਕੂਲ ਦੀ ਟੀਮ'ਚ ਉਹ ਕਦੇ ਰਾਈਟ ਇਨ ਤੇ ਕਦੇ ਲੈਫਟ ਇਨ ਖੇਡਦਾ। ਫਿਰ ਇੰਦੌਰ ਕਾਲਜ ਵਿਚ ਪੜ੍ਹਨ ਲੱਗਾ ਤੇ ਆਗਰਾ ਯੂਨੀਵਰਸਿਟੀ ਵੱਲੋਂ ਫੁੱਲ ਬੈਕ ਖੇਡਿਆ। ਬੀ.ਏ. ਦਾ ਇਮਤਿਹਾਨ ਉਸ ਨੇ ਪ੍ਰਾਈਵੇਟ ਵਿਦਿਆਰਥੀ ਵਜੋਂ ਪੰਜਾਬ ਯੂਨੀਵਰਸਿਟੀ ਤੋਂ ਪਾਸ ਕੀਤਾ। 1957 ਵਿਚ ਉਹ ਮੋਟਰ ਪਾਰਟਸ ਦਾ ਕੰਮ ਸਿੱਖਣ ਲਈ ਕਲਕੱਤੇ ਚਲਾ ਗਿਆ ਤੇ ਉਥੇ ਵਿਆਹ ਕਰਵਾ ਕੇ ਉਥੋਂ ਦਾ ਹੀ ਹੋ ਗਿਆ। ਕਲਕੱਤੇ ਉਸ ਨੇ ਪਹਿਲੇ ਅੱਠ ਸਾਲ ਕਸਟਮ ਦੀ ਨੌਕਰੀ ਕੀਤੀ ਤੇ ਕਸਟਮ ਵਾਲਿਆਂ ਦੀ ਹਾਕੀ ਟੀਮ ਬਣਾਈ। 1965 ਵਿਚ ਕਸਟਮ ਦੀ ਨੌਕਰੀ ਛੱਡ ਕੇ ਆਪਣੇ ਸਹੁਰਿਆਂ ਦਾ ਮੋਟਰ ਪਾਰਟਸ ਦਾ ਕਾਰੋਬਾਰ ਸੰਭਾਲ ਲਿਆ। ਹੁਣ ਉਹ ਸਫਲ ਵਪਾਰੀ ਹੈ ਤੇ ਆਪਣੇ ਬੱਚਿਆਂ ਦੇ ਰਿਸ਼ਤੇ ਨਾਤੇ ਨਿਊਯਾਰਕ ਤਕ ਬਣਾਈ ਬੈਠਾ ਹੈ। ਉਸ ਦੀਆਂ ਚਾਰ ਧੀਆਂ ਹਨ ਤੇ ਇਕ ਪੁੱਤਰ। ਅਗਾਂਹ ਉਨ੍ਹਾਂ ਦੇ ਬੱਚੇ ਹਨ।




1959 ਵਿਚ ਜਦੋਂ ਅਫਰੀਕਾ ਦੇ ਟੂਰ ਲਈ ਭਾਰਤੀ ਹਾਕੀ ਟੀਮ ਦਾ ਕੋਚਿੰਗ ਕੈਂਪ ਲੱਗਾ ਤਾਂ ਗੁਰਬਖ਼ਸ਼ ਸਿੰਘ ਨੂੰ ਸਟੈਂਡ ਬਾਈ ਰੱਖਿਆ ਗਿਆ। ਰੋਮ ਦੀਆਂ ਓਲੰਪਿਕ ਖੇਡਾਂ-1960 ਲਈ ਚੁਣੇ ਜਾਣ ਵੇਲੇ ਉਹਦਾ ਦਾਅ ਨਾ ਲੱਗਾ। ਉਦੋਂ ਬੰਗਾਲ ਦਾ ਹੀ ਕਲਾਡੀਅਸ ਭਾਰਤੀ ਟੀਮ ਦਾ ਕਪਤਾਨ ਬਣਿਆ। 1961 ਵਿਚ ਨਿਊਜ਼ੀਲੈਂਡ ਦੇ ਟੂਰ ਸਮੇਂ ਉਹ ਪਹਿਲੀ ਵਾਰ ਭਾਰਤੀ ਹਾਕੀ ਟੀਮ ਦਾ ਮੈਂਬਰ ਚੁਣਿਆ ਗਿਆ। 1962 ਵਿਚ ਉਹ ਅਹਿਮਦਾਬਾਦ ਦਾ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਖੇਡਿਆ। ਉਦੋਂ ਉਹਦੇ ਨਾਲ ਪ੍ਰਿਥੀਪਾਲ ਸਿੰਘ ਤੇ ਝਮਨ ਲਾਲ ਫੁੱਲ ਬੈਕ ਸਨ। 1963 ਵਿਚ ਉਹ ਲਿਓਂਸ ਦਾ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਖੇਡਣ ਗਿਆ ਜਿਥੇ ਭਾਰਤੀ ਟੀਮ ਜੇਤੂ ਰਹੀ। 1964 ਵਿਚ ਟੋਕੀਓ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਟੀਮ ਵਿਚ ਲੈਫਟ ਹਾਫ਼ ਖੇਡਿਆ। ਪ੍ਰਿਥੀਪਾਲ ਸਿੰਘ ਨਾਲ ਦੂਜਾ ਫੁੱਲ ਬੈਕ ਧਰਮ ਸਿੰਘ ਸੀ। ਫਾਈਨਲ ਮੈਚ ਪਾਕਿਸਤਾਨ ਦੀ ਟੀਮ ਵਿਰੁੱਧ ਖੇਡਿਆ ਗਿਆ ਜੋ ਭਾਰਤੀ ਟੀਮ ਨੇ 1-0 ਗੋਲ ਨਾਲ ਜਿੱਤਿਆ। ਚਾਰ ਸਾਲ ਪਹਿਲਾਂ ਰੋਮ ਵਿਚ ਪਾਕਿਸਤਾਨ ਦੀ ਟੀਮ ਨੇ ਭਾਰਤੀ ਟੀਮ ਨੂੰ 1-0 ਗੋਲ ਨਾਲ ਹਰਾਇਆ ਸੀ। ਉਹਨੀਂ ਦਿਨੀਂ ਭਾਰਤ-ਪਾਕਿ ਹਾਕੀ ਮੈਚਾਂ ਵਿਚ ਜਿਹੜਾ ਮੁਲਕ ਜਿੱਤ ਜਾਂਦਾ ਉਹ ਏਨੀ ਖ਼ੁਸ਼ੀ ਮਨਾਉਂਦਾ ਜਿਵੇਂ ਮੈਚ ਨਹੀਂ ਜੰਗ ਜਿੱਤ ਗਿਆ ਹੋਵੇ!

ਟੋਕੀਓ ਵਿਖੇ ਗੁਰਬਖ਼ਸ਼ ਸਿੰਘ ਹੋਰਾਂ ਦੀ ਜਿੱਤ ਉਤੇ ਭਾਰਤਵਾਸੀ ਏਨੇ ਖ਼ੁਸ਼ ਹੋਏ ਕਿ ਜੇਤੂ ਖਿਡਾਰੀਆਂ ਲਈ ਵੱਡੇ ਵੱਡੇ ਇਨਾਮ ਐਲਾਨੇ ਗਏ। ਇਹ ਵੱਖਰੀ ਗੱਲ ਹੈ ਕਿ ਕਈ ਐਲਾਨਾਂ ਉਤੇ ਹੁਣ ਤਕ ਵੀ ਅਮਲ ਨਹੀਂ ਹੋਇਆ। ਪੰਜਾਬ ਦੇ ਮੁੱਖ ਮੰਤਰੀ ਸ. ਪਰਤਾਪ ਸਿੰਘ ਕੈਰੋਂ ਨੇ ਜੇਤੂ ਖਿਡਾਰੀਆਂ ਨੂੰ ਚੰਡੀਗੜ੍ਹ ਵਿਚ ਪਲਾਟ ਅਲਾਟ ਕਰਨ ਦਾ ਐਲਾਨ ਕੀਤਾ ਸੀ ਪਰ ਪ੍ਰਿਥੀਪਾਲ ਸਿੰਘ ਹੋਰੀਂ ਪਲਾਟ ਉਡੀਕਦੇ ਇਸ ਜਹਾਨ ਤੋਂ ਕੂਚ ਕਰ ਗਏ। ਉਨ੍ਹਾਂ ਦੇ ਪਰਿਵਾਰਾਂ ਨੂੰ ਫਿਰ ਕੀਹਨੇ ਪਲਾਟ ਦੇਣੇ ਸਨ? ਸ. ਦਰਬਾਰਾ ਸਿੰਘ ਦੀ ਸਰਕਾਰ ਨੇ ਵੀ 1982 ਵਿਚ ਦਿੱਲੀ ਦੀਆਂ ਏਸ਼ਿਆਈ ਖੇਡਾਂ ਦੇ ਜੇਤੂ ਪੰਜਾਬੀ ਖਿਡਾਰੀਆਂ ਨੂੰ ਲੱਖ ਲੱਖ ਰੁਪਏ ਦੇ ਇਨਾਮ ਦੇਣ ਦਾ ਐਲਾਨ ਕੀਤਾ ਸੀ ਜੋ ਅੱਧ ਪਚੱਧ ਹੀ ਪੂਰਾ ਹੋ ਸਕਿਆ। ਅਕਸਰ ਵੇਖਿਆ ਗਿਆ ਹੈ ਕਿ ਮੁੱਖ ਮੰਤਰੀ ਤੇ ਮੰਤਰੀ ਐਲਾਨ ਤਾਂ ਵੱਡੇ ਵੱਡੇ ਕਰ ਦਿੰਦੇ ਹਨ ਪਰ ਐਲਾਨਾਂ'ਤੇ ਅਮਲ ਕਰਨਾ ਅਕਸਰ ਭੁੱਲ ਜਾਂਦੇ ਹਨ।

1966 ਵਿਚ ਬੈਂਕਾਕ ਦੀਆਂ ਏਸ਼ਿਆਈ ਖੇਡਾਂ ਸਮੇਂ ਗੁਰਬਖ਼ਸ਼ ਸਿੰਘ ਨੂੰ ਭਾਰਤੀ ਹਾਕੀ ਟੀਮ ਦਾ ਮੀਤ ਕਪਤਾਨ ਬਣਾਇਆ ਗਿਆ ਸੀ। ਉਸ ਟੀਮ ਨੇ ਪਹਿਲੀ ਵਾਰ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਿਆ। ਉਹ ਟੀਮ ਲਗਭਗ ਸਾਰੀ ਹੀ ਸਰਦਾਰ ਖਿਡਾਰੀਆਂ ਨਾਲ ਲੈਸ ਸੀ ਜਿਨ੍ਹਾਂ ਦੇ ਜੂੜਿਆਂ ਉਤੇ ਸਫੈਦ ਰੁਮਾਲ ਸੋਂਹਦੇ ਸਨ। ਇੰਜ ਜਾਪਦਾ ਸੀ ਜਿਵੇ ਕਿਸੇ ਖਾਲਸਾ ਕਾਲਜ ਦੀ ਟੀਮ ਹੋਵੇ! ਉਸੇ ਸਾਲ ਭਾਰਤ ਸਰਕਾਰ ਨੇ ਗੁਰਬਖ਼ਸ਼ ਸਿੰਘ ਨੂੰ ਦੇਸ਼ ਦੇ ਸਰਵੋਤਮ ਖੇਡ ਪੁਰਸਕਾਰ ਅਰਜਨ ਅਵਾਰਡ ਨਾਲ ਸਨਮਾਨਿਤ ਕੀਤਾ। 1966 ਵਿਚ ਹੀ ਜਰਮਨੀ ਦੇ ਸ਼ਹਿਰ ਹੈਮਬਰਗ ਵਿਚ ਹਾਕੀ ਦਾ ਕੌਮਾਂਤਰੀ ਟੂਰਨਾਮੈਂਟ ਹੋਇਆ। ਗੁਰਬਖ਼ਸ਼ ਸਿੰਘ ਨੂੰ ਉਸ ਲਈ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ। ਉਸੇ ਸਾਲ ਜਪਾਨ ਦੇ ਟੂਰ ਸਮੇਂ ਵੀ ਭਾਰਤੀ ਹਾਕੀ ਟੀਮ ਦੀ ਅਗਵਾਈ ਗੁਰਬਖ਼ਸ਼ ਸਿੰਘ ਨੂੰ ਹੀ ਸੌਂਪੀ ਗਈ। ਫਿਰ ਸ੍ਰੀਲੰਕਾ ਦੇ ਟੂਰ ਵੇਲੇ ਵੀ ਉਹ ਕਪਤਾਨ ਬਣਿਆਂ। 1967 ਵਿਚ ਉਹ ਲੰਡਨ ਦਾ ਪ੍ਰੀ ਓਲੰਪਿਕ ਹਾਕੀ ਟੂਰਨਾਮੈਂਟ ਖੇਡਿਆ।

1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ ਸਮੇਂ ਸਥਿਤੀ ਅਜਿਹੀ ਬਣੀ ਕਿ ਸੀਨੀਅਰ ਖਿਡਾਰੀਆਂ ਪ੍ਰਿਥੀਪਾਲ ਸਿੰਘ ਤੇ ਗੁਰਬਖ਼ਸ਼ ਸਿੰਘ ਦੋਹਾਂ ਨੂੰ ਭਾਰਤੀ ਹਾਕੀ ਟੀਮ ਦੇ ਜੌੜੇਕਪਤਾਨ ਬਣਾਉਣਾ ਪਿਆ। ਅਜਿਹਾ ਪ੍ਰਬੰਧ ਪਹਿਲੀ ਵਾਰ ਕਰਨਾ ਪਿਆ ਸੀ। ਗੱਲ ਵਿਚੋਂ ਇਹੋ ਸੀ ਕਿ ਦੋਵੇਂ ਖਿਡਾਰੀ ਹੀ ਮੈਰਿਟ ਪੱਖੋਂ ਓਲੰਪਿਕ ਖੇਡਾਂ ਲਈ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਦੇ ਹੱਕਦਾਰ ਸਨ। ਪਰ ਉਮਰ ਪੱਖੋਂ ਅਗਲੀ ਓਲੰਪਿਕਸ ਖੇਡ ਸਕਣਾ ਦੋਹਾਂ ਲਈ ਸ਼ੱਕੀ ਸੀ। ਸੋ ਦੋਹਾਂ ਨੂੰ ਹੀ ਜੁਆਇੰਟ ਕਪਤਾਨ ਬਣਾ ਦਿੱਤਾ ਗਿਆ। ਟੀਮ ਮਸੀਂ ਤਾਂਬੇ ਦਾ ਤਮਗ਼ਾ ਜਿੱਤ ਸਕੀ।

ਮੈਕਸੀਕੋ ਦੀ ਓਲੰਪਿਕਸ ਖੇਡ ਕੇ ਗੁਰਬਖ਼ਸ਼ ਸਿੰਘ ਕੌਮਾਂਤਰੀ ਹਾਕੀ ਤੋਂ ਰਿਟਾਇਰ ਹੋ ਗਿਆ ਪਰ ਕੌਮੀ ਪੱਧਰ'ਤੇ ਬੰਗਾਲ ਵੱਲੋਂ 1972 ਤਕ ਖੇਡਦਾ ਰਿਹਾ। ਬੰਗਾਲ ਵਿਚ ਉਹ ਕਸਟਮਜ਼, ਮੋਹਨ ਬਾਗਾਨ ਤੇ ਈਸਟ ਬੰਗਾਲ ਕਲੱਬਾਂ ਦੀਆਂ ਟੀਮਾਂ ਦਾ ਮੈਂਬਰ ਰਿਹਾ। 1973 ਵਿਚ ਉਹਨੂੰ ਭਾਰਤੀ ਹਾਕੀ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਬਣਾਇਆ ਗਿਆ ਤੇ ਟੀਮ ਦੀ ਮੈਨੇਜਰੀ ਵੀ ਸੌਂਪੀ ਗਈ। 1974 ਤੇ 75 ਵਿਚ ਉਹ ਛੇ ਛੇ ਮਹੀਨਿਆਂ ਲਈ ਫਰਾਂਸ ਦੀ ਕੌਮੀ ਟੀਮ ਨੂੰ ਕੋਚਿੰਗ ਦੇਣ ਜਾਂਦਾ ਰਿਹਾ। 1976 ਵਿਚ ਮਾਂਟਰੀਅਲ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਟੀਮ ਦਾ ਕੋਚ ਸੀ। 1980 ਤੋਂ 84 ਤਕ ਉਹ ਫੇਰ ਭਾਰਤੀ ਹਾਕੀ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਰਿਹਾ। 1983 ਵਿਚ ਉਹ ਕਰਾਚੀ ਦੀ ਚੈਂਪੀਅਨਜ਼ ਟਰਾਫੀ ਸਮੇਂ ਫਿਰ ਭਾਰਤੀ ਟੀਮ ਦਾ ਮੈਨੇਜਰ ਸੀ। 1973'ਚ ਨੈਸ਼ਨਲ ਅੰਪਾਇਰ ਬਣਿਆ ਅਤੇ 1981 ਵਿਚ ਇੰਟਰਨੈਸ਼ਨਲ ਅੰਪਾਇਰ ਬਣ ਗਿਆ। 1982 ਦੀਆਂ ਏਸ਼ਿਆਈ ਖੇਡਾਂ ਸਮੇਂ ਵੀ ਉਸ ਨੇ ਕਈ ਮੈਚ ਖਿਡਾਏ। ਇਕ ਵਾਰ ਅਸੀਂ ਦਿੱਲੀ ਦੇ ਨਹਿਰੂ ਹਾਕੀ ਟੂਰਨਾਮੈਂਟ ਉਤੇ'ਕੱਠੇ ਹੋਏ ਤਾਂ ਪੰਜਾਬ ਪੁਲਿਸ ਦਾ ਮੈਚ ਦੱਖਣ ਵੱਲ ਦੀ ਕਿਸੇ ਟੀਮ ਨਾਲ ਚੱਲ ਰਿਹਾ ਸੀ। ਪੰਜਾਬੀ ਹਾਕੀ ਖਿਡਾਰੀਆਂ ਦੇ ਢਿੱਲੇ ਪੈ ਜਾਣ'ਤੇ ਉਸ ਨੇ ਦਿਲੀ ਦੁੱਖ ਪਰਗਟ ਕੀਤਾ। ਉਸ ਨੇ ਕਿਹਾ, "ਸਾਡੇ ਨਵੇਂ ਮੁੰਡਿਆਂ ਦੀ ਖੇਡ ਵਿਚ ਉਹ ਜਾਨ ਨਹੀਂ ਰਹੀ ਜਿਹੜੀ ਹੋਣੀ ਚਾਹੀਦੀ ਏ। ਇਹਨਾਂ'ਚੋਂ ਕਈ ਨਸ਼ਿਆਂ ਵੱਲ ਪੈ ਗਏ ਨੇ। ਸਾਡੇ ਵੇਲੇ ਪੰਜਾਬੀ ਖਿਡਾਰੀ ਮੁਲਕ ਦੀ ਹਰੇਕ ਟੀਮ ਵਿਚ ਸਨ। ਪੰਜਾਬ ਹਾਕੀ ਦਾ ਘਰ ਏ ਤੇ ਉਥੋਂ ਹੋਰ ਚੰਗੇ ਖਿਡਾਰੀ ਉੱਠਣੇ ਚਾਹੀਦੇ ਨੇ।" ਉਸ ਦੀ ਇੱਛਾ ਟੋਕੀਓ-2021 ਤੇ ਪੈਰਿਸ-2024 ਦੀਆਂ ਓਲੰਪਿਕ ਖੇਡਾਂ ਵਿਚ ਪੰਜਾਬੀ ਖਿਡਾਰੀਆਂ ਨੇ ਪੂਰੀ ਕਰ ਦਿੱਤੀ। ਪੰਜਾਬੀ ਖਿਡਾਰੀਆਂ ਨਾਲ ਭਰਪੂਰ ਭਾਰਤੀ ਟੀਮ ਫਿਰ ਵਿਕਟਰੀ ਸਟੈਂਡ'ਤੇ ਚੜ੍ਹੀ।

ਮੈਂ ਪੁੱਛਿਆ, "ਕੀ ਸਾਡੇ ਖਿਡਾਰੀ ਹੀ ਮਾਂਦੇ ਪੈ ਗਏ ਨੇ ਜਾਂ ਹੋਰ ਦੁਨੀਆਂ ਤਕੜੀ ਹੋ ਗਈ ਐ?" ਗੁਰਬਖ਼ਸ਼ ਸਿੰਘ ਨੇ ਆਖਿਆ, "ਇਹ ਠੀਕ ਏ ਕਿ ਦੂਜੇ ਮੁਲਕਾਂ ਦੇ ਖਿਡਾਰੀ ਹਾਕੀ ਖੇਡਣ'ਚ ਪਹਿਲਾਂ ਨਾਲੋਂ ਵਧੇਰੇ ਮਾਹਿਰ ਹੋ ਗਏ ਨੇ ਪਰ ਸਾਡੇ ਖਿਡਾਰੀਆਂ ਨੂੰ ਵੀ ਬਦਲਦੇ ਸਮੇਂ ਨਾਲ ਆਪਣੀ ਟੈਕਨੀਕ'ਚ ਸੁਧਾਰ ਲਿਆਉਂਦੇ ਰਹਿਣਾ ਚਾਹੀਦੈ। ਸਾਡੇ ਮੁੰਡੇ ਹਾਲਾਂ ਵੀ ਗਰਾਸ ਹਾਕੀ ਖੇਡਦੇ ਨੇ ਤੇ ਐਸਟਰੋ ਟਰਫ ਦੀ ਟੈਕਨੀਕ ਨੂੰ ਨਹੀਂ ਅਪਨਾ ਰਹੇ। ਇਹੋ ਵਜ੍ਹਾ ਏ ਕਿ ਇੰਟਰਨੈਸ਼ਨਲ ਮੈਚਾਂ'ਚ ਹਾਰ ਖਾਂਦੇ ਨੇ।" ਮੈਂ ਬੱਚਿਆਂ ਨੂੰ ਕੋਈ ਸੰਦੇਸ਼ ਦੇਣ ਲਈ ਕਿਹਾ ਤਾਂ ਉਸ ਨੇ ਆਖਿਆ, "ਬੱਚਿਆਂ ਨੂੰ ਖੇਡਾਂ ਸ਼ਿੱਦਤ ਨਾਲ ਅਪਨਾਉਣੀਆਂ ਚਾਹੀਦੀਆਂ ਨੇ। ਖੇਡਾਂ ਦੀ ਲਗਨ ਵਿਦਿਆਰਥੀ ਜੀਵਨ ਵਿਚ ਈ ਲੱਗੇ ਤਦ ਹੀ ਚੰਗੇ ਨਤੀਜੇ ਨਿਕਲ ਸਕਦੇ ਨੇ। ਕਿਸੇ ਵੀ ਖੇਡ'ਚ ਮਾਹਿਰ ਬਣਨ ਲਈ ਮਿਹਨਤ, ਲਗਨ ਤੇ ਸਿਰੜ ਦੀ ਲੋੜ ਏ। ਜੀਹਦੇ ਵਿਚ ਲਗਨ ਤੇ ਸਿਰੜ ਐ ਉਹ ਜ਼ਰੂਰ ਕੁਝ ਨਾ ਕੁਝ ਕਰ ਕੇ ਈ ਦਮ ਲਵੇਗਾ।" ਮੈਂ ਪੁੱਛਿਆ, "ਤੁਹਾਨੂੰ ਅਕਸਰ ਹੀ ਹਾਕੀ ਟੂਰਨਾਮੈਂਟਾਂ ਉਤੇ ਤੁਰੇ ਫਿਰਦੇ ਵੇਖੀਦਾ। ਪਿੱਛੇ ਤੁਹਾਡਾ ਕਾਰੋਬਾਰ ਕਿਵੇਂ ਚੱਲਦੈ? ਬਿਜ਼ਨਸ ਸਫਰ ਨਹੀਂ ਕਰਦਾ?"

ਗੁਰਬਖ਼ਸ਼ ਸਿੰਘ ਨੇ ਮੁਸਕਰਾਉਂਦਿਆਂ ਕਿਹਾ, "ਬਿਜ਼ਨਸ ਤਾਂ ਜ਼ਰੂਰ ਸਫਰ ਕਰਦਾ ਪਰ ਤੁਹਾਨੂੰ ਪਤਾ ਈ ਏ ਪਈ ਇਕ ਵਾਰ ਜਿਹੜਾ ਝੱਸ ਬੰਦੇ ਨੂੰ ਪੈ ਜਾਏ ਉਹ ਮਰਦੇ ਦਮ ਤੱਕ ਛੁੱਟਦਾ ਵੀ ਤੇ ਨਹੀਂ। ਇਹ ਹਾਕੀ ਵਾਲਾ ਸ਼ੌਕ ਤਾਂ ਹੁਣ ਉਮਰ ਭਰ ਈ ਰਹੇਗਾ ਭਾਵੇਂ ਕਿੰਨੇ ਘਾਟੇ ਪਈ ਜਾਣ।" ਹੁਣ ਉਹ ਨੱਬਿਆਂ ਨੂੰ ਢੁੱਕ ਚੁੱਕੈ ਤੇ 1957 ਤੋਂ ਕੋਲਕੱਤੇ ਦਾ ਵਸਨੀਕ ਹੈ। ਬੰਗਾਲ ਸਰਕਾਰ ਨੇ ਉਸ ਨੂੰ ਬੰਗਾ ਬਿਭੂਸ਼ਨ ਪੁਰਕਾਰ ਨਾਲ ਅਤੇ ਈਸਟ ਬੰਗਾਲ ਕਲੱਬ ਨੇ ਭਾਰਤ ਗੌਰਵ ਅਵਾਰਡ ਨਾਲ ਸਨਮਾਨਿਆ ਹੈ।











